Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
All Subject to Patiala Jurisdiction.
www.khetiduniyan.in

Editor : Jagpreet Singh ● RNI/42269/83 ● Issue Dated 06-04-2024 ● Vol.42 No.14 ● Ph. : 0175-2214575, 90410-14575 ● Page : 16 E-mail : khetiduniyan1983@gmail.com

# ਪੱਕੀਆਂ ਕਣਕਾਂ ਨੂੰ ਅੱਗ ਲੱਗਣ ਤੋਂ ਬਚਾਉਣ ਲਈ

## ਰੱਖੋ ਇਹਨਾਂ ਖਾਸ ਗੱਲਾਂ ਦਾ ਧਿਆਨ



ਕਣਕਾਂ ਪੱਕਣ ਵਾਲੀਆਂ ਹਨ ਅਤੇ ਇਹਨਾਂ ਦਿਨਾਂ ਵਿੱਚ ਕਿਸਾਨਾਂ ਨੂੰ ਕੁਝ ਸਾਵਧਾਨੀਆਂ ਵਰਤਣ ਦੀ ਲੋੜ ਹੈ, ਜਿਵੇਂ ਕਿ ਅਸੀਂ ਹਰ ਵਾਰ ਦੇਖਦੇ ਹਾਂ ਕਿ ਅੱਗ ਲੱਗਣ ਕਾਰਨ ਹਜ਼ਾਰਾਂ ਏਕੜ ਪੁੱਤਾਂ ਵਾਂਗੂੰ ਪਾਲੀ ਫਸਲ ਸਵਾਹ ਹੋ ਜਾਂਦੀ ਹੈ, ਅਣਗਹਿਲੀ ਕਰਕੇ ਕਈ ਵਾਰੀ ਕਿਸਾਨ ਆਮ ਆਪਣਾ ਨੁਕਸਾਨ ਕਰ ਬੈਠਦੇ ਹਾਂ, ਕਿਰਪਾ ਕਰਕੇ ਇਹਨਾਂ ਕੁਝ ਗੱਲਾਂ ਦਾ ਖਾਸ ਖਿਆਲ ਰੱਖੋ।

1. ਕਣਕ ਦੇ ਖੇਤਾਂ ਕੋਲ ਅੱਗ ਨਾ ਮਚਾਓ ਅਤੇ ਨਾ ਕਿਸੇ ਨੂੰ ਲਾਉਣ ਦਿਓ।

2. ਜੇ ਕੋਈ ਨੌਕਰ, ਸੀਰੀ ਪਾਲੀ ਬੀੜੀ-ਸਿਗਰਟ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ ਖੇਤ ਵਿਚ ਅਜਿਹਾ ਕਰਨ ਤੋਂ ਰੋਕੋ।

3. ਟ੍ਰੈਕਟਰ, ਕੰਬਾਈਨ, ਆਦਿ ਤੇ ਬੈਟਰੀ ਵਾਲੀਆਂ ਤਾਰਾਂ ਨੂੰ ਸਪਾਰਕ ਨਾ ਕਰਨ ਦਿਓ, ਖੇਤ ਵਿਚ ਟ੍ਰੈਕਟਰ ਲਿਜਾਣ ਤੋਂ ਪਹਿਲਾਂ ਕਿਸੇ ਚੰਗੇ ਇਲੈਕਟ੍ਰੀ ਸ਼ੀਅਨ ਤੋਂ ਤਾਰਾਂ ਆਦਿ ਦੀ ਮੁਰੰਮਤ ਤੇ ਸਰਵਿਸ ਚੰਗੀ ਤਰ੍ਹਾਂ ਕਰਵਾ ਲਵੋ।

4. ਢਾਣੀਆਂ 'ਚ ਘਰਾਂ ਵਾਲੀਆਂ ਔਰਤਾਂ ਅਤੇ ਸੁਆਣੀਆਂ ਕੰਮ ਕਰਨ ਤੋਂ



ਬਾਅਦ ਚੁੱਲ੍ਹੇ ਵਿਚ ਅੱਗ ਨਾ ਛੱਡਣ, ਪਾਣੀ ਦਾ ਛਿੱਟਾ ਮਾਰ ਦੇਣ ਤਾਂ ਜੋ ਤੇਜ਼ ਹਵਾ ਨਾਲ ਅੱਗ ਨਾ ਉੱਡ ਸਕੇ।

5. ਖੇਤ ਨੇੜਲੇ ਖਾਲ, ਡੱਗੀਆਂ, ਚੁਬੱਚੇ, ਸਪਰੇ ਪੰਪ ਅਤੇ ਟੈਂਕੀਆਂ ਪਾਣੀ ਨਾਲ ਭਰਕੇ ਰੱਖੋ।

6. ਖੇਤਾਂ ਵਿਚ ਟਰਾਂਸਫਾਰਮਾਂ ਆਦਿ ਦੀ ਸੁੱਚ ਕੱਟ ਕੇ ਰੱਖੋ ਅਤੇ ਉਸਦੇ ਥੱਲਿਓਂ ਕੁਝ ਮਰਲੇ ਥਾਂ ਤੋਂ ਫਸਲ ਪਹਿਲਾਂ ਹੀ ਕੱਟ ਲਵੋ।

7. ਦਿਨ ਸਮੇਂ ਖੇਤਾਂ ਵਿਚ ਬਿਜਲੀ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰੋ ਅਤੇ ਹੋਰਾਂ ਨੂੰ ਵੀ ਪਰਹੇਜ਼ ਕਰਨ ਲਈ ਆਖੋ, ਬਿਜਲੀ ਦੀ ਵਰਤੋਂ ਕੇਵਲ ਰਾਤ ਸਮੇਂ ਹੀ ਕਰੋ।

8. ਪਿੰਡ ਦੇ ਗੁਰਦਵਾਰੇ ਦੇ ਗ੍ਰੰਥੀ ਸਿੰਘ ਜਾਂ ਪਾਠੀ ਭਾਈ ਦਾ ਨੰਬਰ ਆਪਣੇ ਫੋਨ 'ਚ ਰੱਖੋ ਤਾਂ ਜੋ ਅਣਹੋਣੀ ਹੋਣ ਤੋਂ ਪਹਿਲਾਂ ਹੀ ਲੋਕਾਂ ਨੂੰ ਸਪੀਕਰ 'ਚ ਬੋਲ ਕੇ ਸੂਚਨਾ ਦੇ ਕੇ ਅੱਗ ਨੂੰ ਕਾਬੂ ਕਰ ਲਿਆ ਜਾਵੇ।

9. ਲੋੜ ਪੈਣ ਤੇ ਫਾਇਰ-ਬ੍ਰਿਗੇਡ ਦਾ ਨੰਬਰ 101 ਮਿਲਾਓ।

10. ਪੁਰਾਣੇ ਸੰਦਾਂ ਜਿਵੇਂ ਟ੍ਰੈਕਟਰ ਜਾਂ ਮਸ਼ੀਨ (ਜਿਸ ਤੋਂ ਚੰਗਿਆੜੇ ਦਾ ਡਰ ਹੋਵੇ) ਦੀ ਵਰਤੋਂ ਕਰਨ ਤੋਂ ਗੁਰੇਜ਼ ਕਰੋ।

# ਵੱਡੇ ਪੱਧਰ 'ਤੇ ਮੌਸਮੀ ਵਰਤਾਰਾ ਮੌਨਸੂਨ ਦੇ ਅਨੁਕੂਲ ਹੈ - ਮੌਸਮ ਵਿਭਾਗ

ਮੌਸਮ ਵਿਗਿਆਨੀ ਨੇ ਦੇਸ਼ ਦੇ ਵੱਡੇ ਹਿੱਸਿਆਂ 'ਚ ਗਰਮੀਆਂ ਦੀ ਤਪਸ਼ ਨੂੰ ਇਸ ਸਾਲ ਮੌਨਸੂਨ ਸੀਜ਼ਨ ਦੇ ਅਨੁਕੂਲ ਹੋਣ ਦੇ ਸ਼ੁਰੂਆਤ ਸੰਕੇਤ ਦੱਸਿਆ ਹੈ, ਜੋ ਕਿ ਅਲਨੀਨੋ ਸਥਿਤੀਆਂ ਤੇ ਯੂਰੇਸ਼ੀਆ 'ਚ ਬਰਫ ਦੀ ਘੱਟ ਪਰਤ ਹੋਣ ਕਾਰਨ ਹੈ। ਭਾਰਤ ਦੇ ਮੌਸਮ ਵਿਗਿਆਨ ਵਿਭਾਗ ਦੇ ਡਾਇਰੈਕਟਰ ਜਨਰਲ ਐਮ. ਮਹਾਪਾਤਰਾ ਨੇ ਖਬਰ ਏਜੰਸੀ ਪੀ.ਈ.ਆਈ. ਨਾਲ ਇਕ ਇੰਟਰਵਿਊ 'ਚ ਦੱਸਿਆ ਕਿ ਵੱਡੇ ਪੱਧਰ 'ਤੇ ਮੌਸਮ ਵਰਤਾਰੇ ਦੱਖਣ-ਪੱਛਮੀ ਮੌਨਸੂਨ ਲਈ ਅਨੁਕੂਲ ਹਨ, ਜੋ ਭਾਰਤੀ ਅਰਥਵਿਵਸਥਾ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਵੱਡੇ ਪੱਧਰ 'ਤੇ ਬਰਸਾਤ 'ਤੇ ਨਿਰਭਰ ਹੈ। ਮਹਾਪਾਤਰਾ ਨੇ ਮੱਧ ਪ੍ਰਸ਼ਾਂਤ ਮਹਾਂਸਾਗਰ ਦੇ ਗਰਮ ਹੋਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਸਾਲ ਅਲ ਨੀਨੋ ਘੱਟ ਹੋ ਰਿਹਾ ਤੇ ਜੂਨ ਦੀ ਸ਼ੁਰੂਆਤ ਤੱਕ ਇਹ ਨਿਰਪੱਖ ਸਥਿਤੀ ਬਣੀ ਰਹਿ ਸਕਦੀ ਹੈ, ਜਿਸ ਨੂੰ ਮੌਨਸੂਨ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ 'ਚੋਂ ਇਕ ਮੰਨਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜੁਲਾਈ-ਸਤੰਬਰ ਦੇ ਮੌਨਸੂਨ ਸੀਜ਼ਨ ਦੇ ਦੂਜੇ ਅੱਧ 'ਚ ਲਾ ਨੀਨਾ ਸਥਿਤੀਆਂ ਦੇਖਣ ਨੂੰ ਮਿਲ ਸਕਦੀਆਂ ਹਨ, ਜੋ ਕੇਂਦਰੀ ਪ੍ਰਸ਼ਾਂਤ ਮਹਾਂਸਾਗਰ ਦੇ ਠੰਢੇ ਹੋਣ ਦਾ ਹਵਾਲਾ ਦਿੰਦੀਆਂ ਹਨ।



ਮਹਾਪਾਤਰਾ ਅਨੁਸਾਰ ਲਾ ਨੀਨਾ ਭਾਰਤੀ ਮੌਨਸੂਨ ਲਈ ਠੀਕ ਹੈ ਤੇ ਨਿਰਪੱਖ ਸਥਿਤੀਆਂ ਚੰਗੀਆਂ ਹਨ, ਹਾਲਾਂਕਿ ਐਲ ਨੀਨੋ ਵਧੀਆ ਨਹੀਂ ਹੈ ਕਿਉਂਕਿ 60 ਫੀਸਦੀ ਸਾਲਾਂ 'ਚ ਐਲ ਨੀਨੋ ਨੇ ਭਾਰਤੀ ਮੌਨਸੂਨ 'ਤੇ ਮਾੜਾ ਪ੍ਰਭਾਵ ਪਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਵੀ ਬਰਫ ਦੀ ਪਰਤ ਘੱਟ ਹੈ ਤੇ ਇਹ ਇਕ ਹੋਰ ਸਕਾਰਾਤਮਕ ਕਾਰਕ ਹੋਣ ਕਰਕੇ ਮੌਨਸੂਨ ਲਈ ਅਨੁਕੂਲ ਹੈ। ਦੱਸਣਯੋਗ ਹੈ ਕਿ ਦੱਖਣ-ਪੱਛਮੀ ਮੌਨਸੂਨ ਭਾਰਤ ਦੀ ਸਲਾਨਾ ਵਰਖਾ 'ਚ ਲਗਭਗ 70 ਫੀਸਦੀ ਯੋਗਦਾਨ ਪਾਉਂਦੀ ਹੈ ਤੇ ਖੇਤੀਬਾੜੀ ਸੈਕਟਰ ਲਈ ਮਹੱਤਵਪੂਰਨ ਹੈ, ਜੋ ਜੀ. ਡੀ. ਪੀ. ਦਾ ਲਗਭਗ 14 ਫੀਸਦੀ ਹੈ ਤੇ ਇਹ ਦੇਸ਼ ਦੀ 140 ਕਰੋੜ ਆਬਾਦੀ ਦੇ ਅੱਧੇ ਤੋਂ ਵੱਧ ਲੋਕਾਂ ਰੁਜ਼ਗਾਰ ਮੁਹੱਈਆ ਕਰਵਾਉਂਦੀ ਹੈ।

# ਇਸ ਸਾਲ ਅੰਬਾਂ ਦਾ ਉਤਪਾਦਨ 14 ਫੀਸਦੀ ਵਧ ਕੇ 2.4 ਕਰੋੜ ਟਨ 'ਤੇ ਪਹੁੰਚਣ ਦਾ ਅੰਦਾਜ਼ਾ

ਆਈ. ਸੀ. ਏ. ਆਰ.-ਕੇਂਦਰੀ ਸਬਟ੍ਰੋਪਿਕਲ ਬਾਗਬਾਨੀ ਸੰਸਥਾਨ ਦੇ ਨਿਰਦੇਸ਼ਕ ਦੀ ਦਾਮੋਦਰਨ ਨੇ ਕਿਹਾ ਕਿ ਇਸ ਸਾਲ ਭਾਰਤ ਦਾ ਕੁੱਲ ਅੰਬ ਉਤਪਾਦਨ ਲਗਭਗ 14 ਫੀਸਦੀ ਵੱਧ ਕੇ 2.4 ਕਰੋੜ ਟਨ 'ਤੇ ਪਹੁੰਚ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਮੌਸਮ ਵਿਗਿਆਨ ਵਿਭਾਗ ਦੇ ਅਪ੍ਰੈਲ-ਮਈ ਮਿਆਦ ਵਿੱਚ ਲੂ ਚੱਲਣ ਦੇ ਅਗਾਊਂ ਅੰਦਾਜ਼ੇ ਦਾ ਅੰਬ ਦੀ ਪੈਦਾਵਾਰ 'ਤੇ ਕੋਈ ਅਹਿਮ ਅਸਰ ਨਹੀਂ ਪਵੇਗਾ, ਬਾਸ਼ਰਤੇ ਕਿਸਾਨ ਫਲਾਂ ਦੇ ਵਾਧੂ ਡਿੱਗਣ ਨੂੰ ਘੱਟ ਕਰਨ ਲਈ ਮਈ ਦੌਰਾਨ ਸਿੰਚਾਈ ਦਾ ਧਿਆਨ ਰੱਖਣ। ਆਪਣੇ ਨਵੇਂ ਗਰਮੀ ਦੇ ਅਗਾਊਂ ਅੰਦਾਜ਼ੇ ਵਿੱਚ ਭਾਰਤ ਮੌਸਮ ਵਿਗਿਆਨ ਵਿਭਾਗ (ਆਈ. ਐਮ. ਡੀ.) ਨੇ ਤੇਜ਼ ਲੂ ਦੇ ਦੌਰ ਦੀ ਭਵਿੱਖਬਾਣੀ ਕੀਤੀ ਹੈ, ਜੋ ਆਮ 2 ਤੋਂ 4 ਦਿਨ ਦੀ ਬਜਾਏ 10-20 ਦਿਨ ਦੇ ਦੌਰਾ ਲੈ ਸਕਦੀ ਹੈ। ਦੱਖਣੀ ਪ੍ਰਾਇਦੀਪ ਦੇ ਵਧੇਰੇ ਹਿੱਸਿਆਂ, ਮੱਧ ਭਾਰਤ, ਪੂਰਬੀ ਭਾਰਤ ਅਤੇ ਉੱਤਰ ਪੱਛਮੀ ਭਾਰਤ ਦੇ ਮੈਦਾਨੀ ਇਲਾਕਿਆਂ ਵਿੱਚ ਆਮ ਤੋਂ ਵੱਧ ਗਰਮੀ ਵਾਲੇ ਦਿਨ ਹੋਣ ਦੀ ਸੰਭਾਵਨਾ ਹੈ।



ਦਾਮੋਦਰਨ ਨੇ ਦੱਸਿਆ, "ਅੰਬ ਦੇ ਫੁੱਲ (ਮੰਜਰ) ਆਉਣ ਦੀ ਪ੍ਰਕਿਰਿਆ ਫਲ ਲੱਗਣ ਦੀ ਪ੍ਰਕਿਰਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਅਨੁਕੂਲ ਮੌਸਮ ਕਾਰਨ ਅੰਬ ਵਿੱਚ ਫੁੱਲ ਆਉਣਾ ਲਗਭਗ ਖਤਮ ਹੋ ਗਿਆ ਹੈ। ਪਰਾਗਣ ਆਮ ਹੈ ਅਤੇ ਫਲ ਲੱਗਣੇ ਸ਼ੁਰੂ ਹੋ ਗਏ ਹਨ। ਆਮ ਗਰਮੀ ਪੈਦਾਵਾਰ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ ਹੈ, ਪਰ ਅਸਿੱਧੇ ਤੌਰ 'ਤੇ ਫਸਲ ਨੂੰ ਮਦਦ ਕਰੇਗੀ।" ਉਨ੍ਹਾਂ ਕਿਹਾ ਕਿ ਅੰਬ ਦੀਆਂ ਫ਼ਸਲ ਦੀਆਂ ਸੰਭਾਵਨਾਵਾਂ ਅਜੇ ਚੰਗੀਆਂ ਹਨ।





# ਆਲਮੀ ਤਪਸ਼ ਦੇ ਵਧਦੇ ਖਤਰੇ

ਕੰਵਲਪ੍ਰੀਤ ਕੌਰ ਥਿੰਦ, ਮੋ. 98155-24349

ਮਨੁੱਖੀ ਸੰਸਕ੍ਰਿਤੀ ਤੇ ਸਭਿਅਤਾ ਦੇ ਵਿਕਾਸ ਨਾਲ ਖੇਤੀਬਾੜੀ ਤੇ ਹੋਰ ਕਲਾਵਾਂ ਦਾ ਵੀ ਵਿਕਾਸ ਹੋਇਆ । ਪੱਥਰਾਂ ਦੇ ਔਜ਼ਾਰਾਂ ਦੀ ਥਾਂ ਲੋਹੇ ਤੇ ਹੋਰ ਧਾਤਾਂ ਨੇ ਲੈ ਲਈ । ਜਨਸੰਖਿਆ ਵਧਣ ਦੇ ਨਾਲ-ਨਾਲ ਇੱਕ ਸੰਗਠਿਤ 'ਤੇ ਟਿਕਾਊ ਸਮੂਦਾਇਕ ਜੀਵਨ ਦਾ ਆਰੰਭ ਹੋ ਗਿਆ । ਮਨੁੱਖੀ ਜ਼ਰੂਰਤਾਂ ਦਾ ਦਾਇਰਾ ਵੀ ਵੱਡਾ ਹੋਣ ਲੱਗਾ, ਜਿਸ ਸਦਕਾ ਖੇਤੀਬਾੜੀ ਤੇ ਹੋਰ ਧੰਦੇ-ਤਰਖਾਣੀ, ਲੁਹਾਰੀ, ਦੁਕਾਨਦਾਰੀ ਅਤੇ ਵਪਾਰ ਹੋਂਦ ਵਿਚ ਆ ਗਏ । ਪਿੰਡਾਂ ਤੋਂ ਸ਼ਹਿਰਾਂ ਦਾ ਨਿਰਮਾਣ ਹੋਣਾ ਸ਼ੁਰੂ ਹੋ ਗਿਆ । ਆਵਾਜਾਈ ਤੇ ਸੰਚਾਰ ਦੇ ਸਾਧਨਾਂ ਨੇ ਮਨੁੱਖ ਦੀ ਸਮਾਜ ਵਿਚ ਵਪਾਰਕ ਸਾਂਝ ਨੂੰ ਹੋਰ ਵੀ ਪ੍ਰਭਾਵਿਤ ਕੀਤਾ । ਇਸ ਤਰ੍ਹਾਂ ਵਪਾਰਕ ਖੇਤਰ ਵਿਚ ਮਨੁੱਖ ਨੇ ਕਦਮ ਵਧਾਇਆ ਜੋ ਕਿ ਉਦਯੋਗੀਕਰਨ, ਮਸ਼ੀਨੀਕਰਨ, ਸ਼ਹਿਰੀਕਰਨ ਤੇ ਤਕਨੀਕੀ ਵਿਕਾਸ ਦੇ ਨਾਂ 'ਤੇ ਅਜੇ ਵੀ ਜਾਰੀ ਹੈ । ਸਮੇਂ ਦੇ ਨਾਲ-ਨਾਲ ਉਸਦੀ ਕਿਰਤ ਤੇ ਸੋਚਣ ਸਮਝਣ ਦੀ ਵਰਤੋਂ ਆਪਣੇ ਸੁਖਮਈ ਅਤੇ ਅਰਾਮਪ੍ਰਸਤ ਜੀਵਨ ਜਿਊਣ ਲਈ ਕਰਨੀ ਸ਼ੁਰੂ ਕਰ ਦਿੱਤੀ । ਵਿਗਿਆਨ ਤੇ ਤਕਨੀਕੀ ਵਿਕਾਸ ਨੇ ਸਮਾਜਿਕ ਤਰੱਕੀ ਵਿਚ ਅਹਿਮ ਭੂਮਿਕਾ ਨਿਭਾਈ । ਇਕ ਪਹੀਏ ਦੀ ਖੋਜ ਤੋਂ ਲੈ ਕੇ ਹੁਣ ਤੱਕ ਦਾ ਸਫਰ ਪੂਰਾ ਕਰਨ ਲਈ ਕਈ ਦਹਾਕੇ ਲੱਗੇ ਤੇ ਯੁੱਗ ਬਦਲੇ । ਬਰਫ ਨਾਲ ਲੱਦੇ ਪਹਾੜ, ਖੂਬਸੂਰਤ ਵਾਦੀਆਂ, ਝਰਨੇ, ਨਦੀਆਂ, ਝੀਲਾਂ, ਜੰਗਲੀ ਜੀਵ ਰੁੱਖਾਂ, ਜੜ੍ਹੀ-ਬੂਟੀਆਂ, ਹਵਾ ਨਾਲ ਗੱਲਾਂ ਕਰਦੇ ਰੁੱਖਾਂ, ਜੀਵ-ਜੰਤੂਆਂ ਆਦਿ ਕੁਦਰਤੀ ਸਾਧਨਾਂ ਦੀ ਭਰਮਾਰ ਕੁਦਰਤ ਵੱਲੋਂ ਮਨੁੱਖ ਨੂੰ ਬਖਸ਼ਿਆ ਗਿਆ ਖੂਬਸੂਰਤ ਅਤੇ ਅਨਮੋਲ ਤੋਹਫਾ ਹੈ । ਜਿਸ ਦਾ ਕੋਈ ਹੋਰ ਫੇਰ ਬਦਲ ਨਹੀਂ ਹੈ ਅਤੇ ਨਾ ਹੀ ਆਉਣ ਵਾਲੇ ਸਮੇਂ ਵਿਚ ਹੋ ਸਕਦਾ ਹੈ ।

**ਕੁਦਰਤੀ ਸਰੋਤਾਂ ਦੀ ਪਲੀਤੀ** : ਕੁਦਰਤੀ ਨਜ਼ਾਰਿਆਂ ਨੂੰ ਪੂਰਨ ਰੂਪ ਵਿਚ ਮਾਨਣਾ ਤੇ ਵਰਤਣਾ ਬਾਕੀ ਜੀਵ-ਜੰਤੂਆਂ ਦੀ ਤਰ੍ਹਾਂ ਮਨੁੱਖ ਦੇ ਹਿੱਸੇ ਵੀ ਆਇਆ ਹੈ । ਪਰ ਮਨੁੱਖ ਨੇ ਇਨ੍ਹਾਂ ਸਰੋਤਾਂ ਦੀ ਯੋਗ ਵਰਤੋਂ ਨਾ ਕਰ ਕੇ ਆਪਣੀ ਖੁਦਗਰਜੀ ਤੇ ਲਾਲਸਾ ਸਦਕਾ ਦੁਰਵਰਤੋਂ ਸ਼ੁਰੂ ਕਰ ਦਿੱਤੀ । ਮਨੁੱਖ ਨੇ ਆਪਣੀ ਸੋਚਣ ਸਮਝਣ ਦੀ ਸਮਰੱਥਾ ਸਦਕਾ ਕਈ ਤਰ੍ਹਾਂ ਦੀਆਂ ਸਹੂਲਤਾਂ ਵੀ ਪੈਦਾ ਕੀਤੀਆਂ ਪਰ ਨਾਲ ਦੀ ਨਾਲ ਇਨ੍ਹਾਂ ਸਰੋਤਾਂ ਨੂੰ ਪਲੀਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ । ਜਿਸ ਦਾ ਖਮਿਆਜਾ ਅਸੀਂ ਭੁਗਤ ਵੀ ਰਹੇ ਹਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੋਰ ਵੀ ਭਿਆਨਕ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਅਖਬਾਰ ਦੇ ਪੰਨੇ 'ਤੇ ਇਹ ਸ਼ਬਦ ਇਕ ਖਾਸ ਸਖਸ਼ੀਅਤ ਦੇ ਉਕਰੇ ਹੋਏ ਸਨ ਕਿ ਹੁਣ ਗਲੋਬਲ ਵਾਰਮਿੰਗ ਲਈ ਬਲਕਿ ਗਲੋਬਲ ਉੱਡਣ ਦਾ ਸਮਾਂ ਆ ਗਿਆ ਹੈ । ਕੁਦਰਤੀ ਛੇੜਛਾੜ ਨੇ ਕਿਤੇ ਹੜ੍ਹ ਤੇ ਕਿਤੇ ਸੋਕੇ ਵਰਗੇ ਹਾਲਾਤ ਪੈਦਾ ਕਰ ਦਿੱਤੇ ਹਨ । ਇਸ ਲਈ ਅਜੇ ਵੀ ਸੰਭਾਲਿਆ ਜਾ ਸਕਦਾ ਹੈ, ਜੇ ਕੁਦਰਤੀ ਸਰੋਤਾਂ ਦੀ ਲੁੱਟ-ਖਸੁੱਟ ਤੇ ਵਿਸ਼ਰਾਮ ਚਿੰਨ੍ਹ ਲਗਾ ਲਈਏ । ਯਕੀਨਨ ਹੀ ਸ਼ਹਿਰੀਕਰਨ, ਉਦਯੋਗੀਕਰਨ, ਆਧੁਨਿਕੀਕਰਨ ਤੇ ਮਸ਼ੀਨੀਕਰਨ ਵਜੋਂ ਜੰਗਲੀ ਆਵਾਸ ਸਥਾਨ ਜਾਂ ਹੋਰ ਖੇਤੀ ਪ੍ਰਧਾਨ ਸਥਾਨ ਲਗਾਤਾਰ ਰਿਹਾਇਸ਼ੀ ਕਲੋਨੀਆਂ ਵਿਚ ਤਬਦੀਲੀ ਹੁੰਦੇ ਜਾ ਰਹੇ ਹਨ । ਰੁੱਖਾਂ ਦੀ ਕਟਾਈ ਦਾ ਸਿਲਸਿਲਾ ਸੜਕੀ ਆਵਾਜਾਈ ਜਾਂ ਹੋਰ ਕਾਰਨਾਂ ਕਰਕੇ ਲਗਾਤਾਰ ਜਾਰੀ ਹੈ ਜੋ ਕਿ ਬੜਾ ਹੀ ਘਾਤਕ ਹੈ । ਅਸੀਂ ਭਲੀ ਭਾਂਤ ਜਾਣੂ ਹਾਂ ਕਿ ਧਰਤੀ 'ਤੇ ਜੀਵ ਜੰਤੂਆਂ ਦੀ ਜੀਵਨ ਸ਼ੈਲੀ ਦਾ ਆਧਾਰ ਕੁਦਰਤੀ ਸੰਤੁਲਨ ਹੈ ਜੋ ਕਿ ਸਾਰੇ ਬ੍ਰਹਿਮੰਡ ਦੀ ਕਾਰਜਸ਼ੀਲਤਾ ਦਾ ਮੂਲ ਆਧਾਰ ਹੈ । ਗ੍ਰਹਿਆਂ ਦਾ ਆਪਣੇ ਪੱਥ ਵਿਚ ਰਹਿ ਕੇ ਚੱਕਰ ਲਗਾਉਣਾ, ਧਰਤੀ ਦਾ ਆਪਣੇ ਧੁਰੇ ਦੁਆਲੇ ਘੁੰਮਣਾ, ਸੂਰਜ ਦਾ ਚੜ੍ਹਨਾ ਤੇ ਛਿਪਣਾ, ਰੁੱਤਾਂ ਦਾ ਬਦਲਣਾ, ਦਿਨ-ਰਾਤ ਦਾ ਬਣਨਾ, ਸਮੇਂ ਦਾ ਨਿਰੰਤਰ ਗਤੀਸ਼ੀਲੀ ਹੋਣਾ ਆਦਿ ਕੁਦਰਤੀ ਵਰਤਾਰੇ ਆਪਣੀ ਚਾਲ ਵਿਚ ਚੱਲ ਰਹੇ ਹਨ ।

**ਗ੍ਰੀਨ ਹਾਊਸ ਗੈਸਾਂ 'ਚ ਵਾਧਾ** : ਜੇ ਅਜੋਕੇ ਸਮੇਂ ਵੱਲ ਝਾਤੀ ਮਾਰੀਆਂ ਤਾਂ ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ ਦੇ ਨਾਲ-ਨਾਲ ਮਿੱਟੀ ਵੀ ਪ੍ਰਦੂਸ਼ਿਤ ਹੁੰਦੀ ਜਾ ਰਹੀ ਹੈ । ਲਗਾਤਾਰ ਵਾਯੂਮੰਡਲ ਵਿਚ ਕਾਰਬਨਡਾਈਆਕਸਾਈਡ ਵਧਦੀ ਜਾ ਰਹੀ ਹੈ, ਜਿਸ ਕਾਰਨ ਵਾਯੂਮੰਡਲ ਦਾ ਤਾਪਮਾਨ ਵੱਧਦਾ ਜਾ ਰਿਹਾ ਹੈ । ਤਾਪਮਾਨ ਦੇ ਵਾਧੇ ਦੇ ਕਾਰਨ ਗਲੇਸ਼ੀਅਰ ਪਿਘਲਣੇ ਸ਼ੁਰੂ ਹੋ ਗਏ ਹਨ । ਜੇ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ 2050 ਤੱਕ ਧਰਤੀ ਦੇ ਤਾਮਪਾਨ ਵਿਚ ਲਗਾਤਾਰ 2 ਸੈਂਟੀਗ੍ਰੇਡ ਤੱਕ ਦਾ ਵਾਧਾ ਹੋ ਸਕਦਾ ਹੈ । ਇਸ ਲਈ ਬੇਹੱਦ ਜ਼ਰੂਰੀ ਹੈ ਧਰਤੀ ਦੇ ਵੱਧ ਰਹੇ ਤਾਪਮਾਨ 'ਤੇ ਕਾਬੂ ਪਾਉਣਾ । ਤਪਸ਼ ਵਧਣ ਦੇ ਨਾਲ-ਨਾਲ ਹੋਰ ਕੁਦਰਤੀ ਆਫਤਾਂ ਜਿਵੇਂ-ਤੇਜ਼ ਹਵਾਵਾਂ, ਝੱਖੜ, ਹੜ੍ਹ, ਪਾਣੀ ਦੇ ਪੱਧਰ ਦੇ ਵਧਣ ਕਾਰਨ ਸਮੁੰਦਰੀ ਤੱਟਾਂ ਦੇ ਨੇੜਲੇ ਇਲਾਕਿਆਂ ਦਾ ਡੁੱਬਣਾ, ਸੋਮਾ ਆਦਿ ਵਰਤਾਰਿਆਂ ਵਿਚ ਪਹਿਲਾਂ ਨਾਲੋਂ ਵਾਧਾ ਹੋ ਜਾਵੇਗਾ । ਵਾਯੂਮੰਡਲੀ ਤਾਪਮਾਨ ਵਿਚ ਵਾਧੇ ਦਾ ਕਾਰਨ ਗ੍ਰੀਨ ਹਾਊਸ ਗੈਸਾਂ ਹਨ । ਹਵਾ ਵਿਚ 78 ਫੀਸਦੀ ਨਾਈਟ੍ਰੋਜਨ, 21 ਫੀਸਦੀ ਆਕਸੀਜਨ, 0.93 ਫੀਸਦੀ ਆਰਗਨ, 0.04 ਫੀਸਦੀ ਕਾਰਬਨਡਾਈਆਕਸਾਈਡ, 0.03 ਫੀਸਦੀ ਹੋਰ ਗੈਸਾਂ-ਨੀਆਨ, ਹੀਲੀਅਮ, ਮੀਥੇਨ, ਕਰਿਪਟਾਨ, ਹਾਈਡ੍ਰੋਜਨ ਤੇ ਜਲਵਾਸ਼ਪ ਹਨ । ਇਹ ਗੈਸਾਂ ਸੂਰਜੀ ਕਿਰਨਾਂ ਨੂੰ ਪਰਾਵਰਤਿਤ ਕਰ ਕੇ ਧਰਤੀ ਦੇ ਤਾਪਮਾਨ ਵਿਚ ਵਾਧਾ ਕਰਦੀਆਂ ਹਨ । ਜੇ ਇਹ ਗੈਸਾਂ ਮੌਜੂਦ ਨਾ ਹੋਣ ਤਾਂ ਧਰਤੀ ਦਾ ਤਾਪਮਾਨ ਮਨਫੀ ਹੋ ਜਾਵੇਗਾ । ਇਹ ਤਾਪਮਾਨ ਨੂੰ ਨਿਰੰਤਰ ਰੱਖਦੀਆਂ ਹਨ ਜਿਸ ਕਰਕੇ ਹਰਿਆਵਲ ਹੈ ਜੋ ਕਿ ਜੈਵਿਕ ਆਧਾਰ ਲਈ ਮੁੱਢਲੀ ਜ਼ਰੂਰਤ ਹੈ । ਜੈਵਿਕ ਮਤਲਬ ਜੀਵ-ਜੰਤੂ, ਪੇੜ-ਪੌਦੇ ਹਨ । ਇਸ ਲਈ ਇਨ੍ਹਾਂ ਗੈਸਾਂ ਨੂੰ ਗ੍ਰੀਨ ਹਾਊਸ ਗੈਸਾਂ ਜਾਂ ਹਰਾ ਗ੍ਰਹਿ ਪ੍ਰਭਾਵ ਗੈਸਾਂ ਵੀ ਕਿਹਾ ਜਾਂਦਾ ਹੈ । ਪਰ ਕੁਦਰਤੀ ਸੰਤੁਲਨ ਵਿਚ ਵਿਗਾੜ ਕਰ ਕੇ ਇਨ੍ਹਾਂ ਗੈਸਾਂ ਦਾ ਪੱਧਰ ਦਿਨੋ-ਦਿਨ ਵੱਧਦਾ ਜਾ ਰਿਹਾ ਹੈ । ਜਿਸ ਕਰਕੇ ਵਾਯੂਮੰਡਲ ਵਿਚ ਤਪਸ਼ ਵਧਦੀ ਜਾ ਰਹੀ ਹੈ । ਇਹ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਸੋਲਰ ਕੂਕਰ ਵਰਗੇ ਕਾਲੇ ਬਕਸੇ ਵਿਚ ਸੂਰਜ ਦੀਆਂ ਕਿਰਨਾਂ ਤਾਂ ਦਾਖਲ ਤਾਂ ਹੋ ਜਾਂਦੀਆਂ ਹਨ ਪਰ ਪਰਵਰਤਿਤ ਨਹੀਂ ਹੁੰਦੀਆਂ ਅਤੇ ਅੰਦਰ ਹੀ ਜਮ੍ਹਾਂ ਹੁੰਦੀਆਂ ਰਹਿੰਦੀਆਂ ਹਨ । ਜੋ ਅੰਦਰ ਗਰਮੀ ਵਧਾ ਕੇ ਪਾਣਾ ਗਰਮ ਜਾਂ ਖਾਣੇ ਨੂੰ ਕੁਝ ਹੱਦ ਤੱਕ ਪਕਾ ਦਿੰਦੀਆਂ ਹਨ । ਇਸੇ ਤਰ੍ਹਾਂ ਹੀ ਵਾਯੂਮੰਡਲੀ ਗਲਾਫ ਵਿਚ ਗੈਸਾਂ ਦਾ ਨਿਰੰਤਰ ਵਾਧਾ ਹੋ ਰਿਹਾ ਹੈ ਜੋ ਸੂਰਜੀ ਪ੍ਰਕਾਸ਼ ਨੂੰ ਬਾਹਰ ਨਹੀਂ ਜਾਣ ਦਿੰਦੀਆਂ ਜਿਸਦੇ ਫਲਸਰੂਪ ਤਾਪਮਾਨ ਵਿਚ ਵਾਧਾ ਹੋ ਰਿਹਾ ਹੈ । ਨਤੀਜੇ ਵਜੋਂ ਗਲੇਸ਼ੀਅਰਾਂ ਦਾ ਪਿਘਲਣਾ ਤੇ ਹੋਰ ਕੁਦਰਤੀ ਆਫਤਾਂ ਦਾ ਅਸੰਤੁਲਨ ਜਾਂ ਵਿਗਾੜ ਆਦਿ ਅਸੁਖਾਵੀਆਂ ਘਟਨਾਵਾਂ ਦੇ ਵਾਪਰਨ ਦੀਆਂ ਸੰਭਾਵਨਾ ਹੋਰ ਵੀ ਵੱਧ ਜਾਣਗੀਆਂ ।

> "ਵਾਯੂਮੰਡਲੀ ਤਾਪਮਾਨ ਵਿਚ ਵਾਧੇ ਦਾ ਕਾਰਨ ਗ੍ਰੀਨ ਹਾਊਸ ਗੈਸਾਂ ਹਨ । ਹਵਾ ਵਿਚ 78 ਫੀਸਦੀ ਨਾਈਟ੍ਰੋਜਨ, 21 ਫੀਸਦੀ ਆਕਸੀਜਨ, 0.93 ਫੀਸਦੀ ਆਰਗਨ, 0.04 ਫੀਸਦੀ ਕਾਰਬਨ-ਡਾਈਆਕਸਾਈਡ, 0.03 ਫੀਸਦੀ ਹੋਰ ਗੈਸਾਂ-ਨੀਆਨ, ਹੀਲੀਅਮ, ਮੀਥੇਨ, ਕਰਿਪਟਾਨ, ਹਾਈਡ੍ਰੋਜਨ ਤੇ ਜਲਵਾਸ਼ਪ ਹਨ । ਇਹ ਗੈਸਾਂ ਸੂਰਜੀ ਕਿਰਨਾਂ ਨੂੰ ਪਰਾਵਰਤਿਤ ਕਰ ਕੇ ਧਰਤੀ ਦੇ ਤਾਪਮਾਨ ਵਿਚ ਵਾਧਾ ਕਰਦੀਆਂ ਹਨ । ਜੇ ਇਹ ਗੈਸਾਂ ਮੌਜੂਦ ਨਾ ਹੋਣ ਤਾਂ ਧਰਤੀ ਦਾ ਤਾਪਮਾਨ ਮਨਫੀ ਹੋ ਜਾਵੇਗਾ । ਇਹ ਤਾਪਮਾਨ ਨੂੰ ਨਿਰੰਤਰ ਰੱਖਦੀਆਂ ਹਨ ਜਿਸ ਕਰਕੇ ਹਰਿਆਵਲ ਹੈ ਜੋ ਕਿ ਜੈਵਿਕ ਆਧਾਰ ਲਈ ਮੁੱਢਲੀ ਜ਼ਰੂਰਤ ਹੈ ।"

**ਮੌਸਮਾਂ 'ਚ ਫੇਰਬਦਲ** : ਮੌਸਮ ਵਿਚ ਤਬਦੀਲੀ ਤੇ ਜਲ ਚੱਕਰ ਦੀ ਕੁਦਰਤੀ ਪ੍ਰਵਿਰਤੀ ਵਿੱਚ ਫੇਰਬਦਲ ਵੀ ਸੁਭਾਵਿਕ ਹੈ । ਸਹਿਜੇ ਹੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਜਨ ਜੀਵਨ ਵੀ ਪ੍ਰਭਾਵਿਤ ਹੋਵੇਗਾ । ਜਿਸ ਤਰ੍ਹਾਂ ਕਾਰਬਨ ਜੀਵ-ਜਗਤ ਦਾ ਮੁੱਖ ਅੰਸ਼ ਹੈ । ਵਾਯੂਮੰਡਲ ਤੋਂ ਇਲਾਵਾ ਬਹੁਤ ਸਾਰੀ ਕਾਰਬਨ ਧਰਤੀ, ਬਨਸਪਤੀ ਅਤੇ ਜੀਵਾਂ ਵਿਚ ਰਹਿੰਦੀ ਹੈ ਪੌਦੇ ਸੰਸਲੇਸ਼ਣ ਕਿਰਿਆ ਦੌਰਾਨ ਕਾਰਬਨ-ਡਾਈਆਕਸਾਈਡ ਦੀ ਵਰਤੋਂ ਕਰਦੇ ਹਨ ਜੋ ਕਿ ਉਤਪਾਦਕ ਹਨ ਜਿਨ੍ਹਾਂ 'ਤੇ ਜੀਵ-ਜੰਤੂ ਤੇ ਅਸੀਂ ਵੀ ਆਪਣੇ ਭੋਜਨ ਪਦਾਰਥਾਂ ਦੀ ਪ੍ਰਾਪਤੀ ਲਈ ਨਿਰਭਰ ਕਰਦੇ ਹਾਂ । ਇਸੇ ਤਰ੍ਹਾਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਾਰਬਨ ਜੀਵ-ਜੰਤੂਆਂ ਵਿਚ ਦਾਖਲ ਹੋ ਜਾਂਦੀ ਹੈ ਅਤੇ ਜਦੋਂ ਜੀਵ-ਜੰਤੂ ਮਰ ਜਾਂਦੇ ਹਨ ਤੇ ਅਪਘਟਨ ਦੁਆਰਾ ਕਾਰਬਨ ਵਾਪਸ ਫਿਰ ਵਾਯੂਮੰਡਲ ਵਿਚ ਪ੍ਰਵੇਸ਼ ਕਰ ਜਾਂਦੀ ਹੈ । ਇਸ ਤਰ੍ਹਾਂ ਕਾਰਬਨ ਚੱਕਰ ਚਲਦਾ ਰਹਿੰਦਾ ਹੈ ਅਤੇ ਇਸ ਦਾ ਕੁਦਰਤੀ ਸੰਤੁਲਣ ਵੀ ਬਣਿਆ ਰਹਿੰਦਾ ਹੈ । ਕੁਝ ਕਾਰਬਨ ਖਣਿਜ ਪਦਾਰਥਾਂ ਦੇ ਰੂਪ ਵਿਚ ਸਮੁੰਦਰ ਵਿਚ ਵੀ ਮੌਜੂਦ ਹੁੰਦੀ ਹੈ । ਉਹ ਵੀ ਕਾਰਬਨ ਚੱਕਰ ਵਿਚ ਆਪਣਾ ਰੋਲ ਅਦਾ ਕਰਦੀ ਹੈ । ਇਸੇ ਤਰ੍ਹਾਂ ਸੰਤੁਲਨ ਵਿਚ ਰਹਿ ਕੇ ਹੀ ਜਲ ਚੱਕਰ ਅਤੇ ਨਾਈਟਰੋਜਨ ਚੱਕਰ ਦੀ ਪ੍ਰਕਿਰਿਆ ਵਾਪਰਦੀ ਹੈ ।

ਸੰਤੁਲਨ ਵਿਚ ਰਹਿ ਕੇ ਹੀ ਸਭ ਕੁਦਰਤੀ ਪ੍ਰਕਿਰਿਆਵਾਂ ਵਾਪਰਦੀਆਂ ਹਨ ਤੇ ਨਿਯਮਬੱਧ ਉਪਜੀਵਿਕਾ ਜਿਊਣ ਵਿਚ ਹਾਮੀ ਭਰਦੀਆਂ ਹਨ । ਪਰ ਲਗਾਤਾਰ ਕੁਦਰਤੀ ਸਾਧਨਾਂ ਦੀ ਲੁੱਟ-ਖਸੁਟ ਕਾਰਨ ਕਾਰਬਨ ਚੱਕਰ ਦੇ ਸੰਤੁਲਨ ਵਿਚ ਵੀ ਵਿਗਾੜ ਪੈਣਾ ਸ਼ੁਰੂ ਹੋ ਗਿਆ ਹੈ । ਜਦੋਂ ਆਬਾਦੀ ਘੱਟ ਸੀ ਉਦੋਂ ਤੱਕ ਕਾਰਬਨੀ ਚੱਕਰ ਦਾ ਸੰਤੁਲਨ ਕਾਇਮ ਸੀ । ਪਰ ਆਬਾਦੀ ਵਿਚ ਵਾਧੇ ਨਾਲ ਹੋਰ ਸਮਾਜਿਕ ਸਮੱਸਿਆਵਾਂ ਦੇ ਨਾਲ ਇਹ ਸਮੱਸਿਆ ਵੀ ਵਧਦੀ ਜਾ ਰਹੀ ਹੈ । ਵੱਖ-ਵੱਖ ਸਰੋਤਾਂ ਤੋਂ ਵਾਯੂਮੰਡਲ ਵਿਚ ਕਾਰਬਨ-ਡਾਈਆਕਸਾਈਡ ਗੈਸ ਦੀ ਮਾਤਰਾ ਵੱਧ ਰਹੀ ਹੈ । ਇਸ ਵਿਚ ਕੁਝ ਕਾਰਬਨ-ਡਾਈਆਕਸਾਈਡ ਮੁੜ ਕਾਰਬਨ ਚੱਕਰ ਰਾਹੀਂ ਦੁਬਾਰਾ ਮੁੱਢਲੇ ਸਰੋਤਾਂ ਵਿਚ ਵਾਪਸ ਚਲੀ ਜਾਂਦੀ ਹੈ ਤੇ ਜਿਹੜੀ ਬਾਕੀ ਰਹਿ ਜਾਂਦੀ ਹੈ, ਉਹ ਵੀ ਵਾਯੂਮੰਡਲ ਵਿਚ ਗ੍ਰੀਨ ਗੈਸ ਪ੍ਰਭਾਵ ਵਧਾਉਣ ਵਿਚ ਸਹਾਈ ਹੁੰਦੀ ਹੈ ।

ਕੋਲਾ, ਪੈਟਰੋਲ, ਕੁਦਰਤੀ ਗੈਸ ਵੱਖ-ਵੱਖ ਮੁੱਖ ਸ੍ਰੋਤ ਹਨ ਜੋ ਕਾਰਬਨ ਡਾਈਆਕਸਾਈਡ ਦੀ ਪੈਦਾਵਾਰ ਵਿਚ ਆਪਣਾ ਬਣਦਾ ਯੋਗਦਾਨ ਪਾਉਂਦੇ ਹਨ । ਸਭ ਤੋਂ ਵੱਧ ਕਾਰਬਨ-ਡਾਈਆਕਸਾਈਡ ਕੋਲੇ ਨੂੰ ਬਾਲਣ ਦੇ ਰੂਪ ਵਿਚ ਵਰਤੋਂ ਨਾਲ ਉਪਜਦੀ ਹੈ । ਕਾਰਬਨ-ਡਾਈਆਕਸਾਈਡ ਗੈਸ ਦੀ ਮਾਤਰਾ ਵਿਚ ਵਾਧੇ ਦਾ ਮੁੱਖ ਕਾਰਨ ਪਥਰਾਟੀ ਬਾਲਣ ਹਨ । ਇਨ੍ਹਾਂ ਪਥਰਾਟੀ ਬਾਲਣਾਂ ਦੀ ਵਰਤੋਂ ਨੂੰ ਘਟਾ ਕੇ ਕਾਰਬਨ ਦੀ ਵੱਧ ਰਹੀ ਮਾਤਰਾ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ । ਪਥਰਾਟੀ ਬਾਲਣਾਂ ਦੀ ਬਜਾਏ ਕੁਦਰਤੀ ਸਰੋਤਾਂ ਜਿਵੇਂ ਸੂਰਜੀ ਊਰਜਾ ਵਰਗੇ ਸਾਧਨਾਂ ਦੀ ਵਰਤੋਂ ਕਰ ਕੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਬਿਜਲੀ ਉਤਪਾਦਨ ਕੀਤਾ ਜਾ ਸਕਦਾ ਹੈ, ਜੋ ਕਿ ਕੁਦਰਤੀ ਤਾਂ ਹਨ ਤੇ ਪ੍ਰਦੂਸ਼ਣ ਰਹਿਤ ਵੀ ਹਨ । ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾ ਕੇ ਇਸ ਵਧ ਰਹੀ ਕਾਰਬਨ ਦੀ ਮਾਤਰਾ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ ਤੇ ਵਾਯੂਮੰਡਲ ਤਪਸ਼ ਨੂੰ ਵੀ ਸਥਿਰ ਰੱਖਿਆ ਜਾ ਸਕਦਾ ਹੈ । ਬੇਹੱਦ ਜ਼ਰੂਰੀ ਹੈ ਹਵਾ, ਪਾਣੀ ਪ੍ਰਦੂਸ਼ਣ ਕੰਟਰੋਲ ਦੇ ਨਾਲ-ਨਾਲ ਵੱਧ ਰਹੀ ਤਪਸ਼ ਨੂੰ ਵੀ ਘਟਾਉਣ ਲਈ ਯਤਨਸ਼ੀਲ ਹੋਣਾ । ਵਾਤਾਵਰਨ ਸਵੱਛਤਾ ਦੇ ਸੰਦਰਭ ਵਿਚ ਭਗਤ ਪੂਰਨ ਸਿੰਘ ਜੋ ਕਿ ਸਚਾਈ ਤੇ ਇਮਾਨਦਾਰੀ ਦੀ ਮੂਰਤ, ਅਪਾਹਜ-ਅੰਗਹੀਣਾਂ ਦੇ ਮੁਜੱਸਮੇ ਤੇ ਸਮਾਜ ਸੇਵੀ ਸਨ, ਵੀ ਆਪਦੀ ਵਿਚਾਰ ਗੋਸ਼ਟੀ ਕਰ ਗਏ :

ਸੰਸਾਰ ਦੇ ਬੱਚੇ ਜਿਸ ਰਫਤਾਰ ਨਾਲ ਆਬਾਦੀ ਵਧਾ ਰਹੇ ਹਨ ਤੇ ਕੁਦਰਤ ਦੀ ਸੰਪਤੀ ਦੇ ਪਦਾਰਥਾਂ ਨੂੰ ਵਰਤ ਰਹੇ ਹਨ, ਉਨ੍ਹਾਂ ਪਦਾਰਥਾਂ ਨੂੰ ਉਹ ਵੱਧ ਤੋਂ ਵੱਧ 30 ਸਾਲ ਤੱਕ ਵਰਤ ਸਕਣਗੇ । 30-35 ਸਾਲ ਦੇ ਬਾਅਦ ਲੋਕਾਂ ਦਾ ਜਿਉਂਦਾ ਰੱਖਣ ਵਾਲੇ ਸਾਰੇ ਪਦਾਰਥ ਸਮਾਪਤ ਹੋ ਜਾਣਗੇ ਤੇ ਦੁਨੀਆ ਮਰ ਮੁੱਕ ਜਾਵੇਗੀ ।

**ਲੀਹੋਂ ਲਹਿ ਰਿਹਾ ਵਰਤਾਰਾ**

ਕਦੇ ਸੋਚਿਆ ਕਿ ਜੇ ਇਕ ਵੀ ਵਰਤਾਰਾ ਲੀਹੋਂ ਲਹਿ ਜਾਵੇ ਤਾਂ ਕੀ ਹੋਵੇਗਾ ? ਕੀ ਜੀਵਨ ਇਸ ਸਭ ਕਾਸੇ ਤੋਂ ਬਿਨਾ ਸੰਭਵ ਹੈ ? ਆਪਣੇ ਵਿਚਾਰਾਂ ਤੇ ਸੁਰਤੀ ਨੂੰ ਕਾਲਪਨਿਕ ਯੁੱਗ ਦੇ ਖਿਆਲਾਂ ਵਿਚ ਲੈਕੇ ਜਾਣ ਦੀ ਕੋਸ਼ਿਸ਼ ਕਰਦੇ ਹਾਂ, ਜਿੱਥੇ ਸ਼ੁੱਧਤਾ ਨਾਮ ਦੀ ਕੋਈ ਵਸਤੂ ਮੌਜੂਦ ਨਹੀਂ । ਜੇ ਰੁੱਖ ਨਾਂ ਦਾ ਪ੍ਰਾਣੀ ਮਤਲਬ ਪੌਦਾ ਰੂਪੀ ਪ੍ਰਾਣੀ ਅਲੋਪ ਹੋ ਜਾਵੇਗਾ ਤਾਂ ਕੀ ਹੋਵੇਗਾ ? ਪ੍ਰਾਣੀ ਸ਼ਬਦ ਦੀ ਵਰਤੋਂ ਇਸ ਲਈ ਕੀਤੀ ਗਈ ਕਿ ਪੌਦਿਆਂ ਵਿਚ ਵੀ ਜਾਨ ਹੁੰਦੀ ਹੈ । ਇਹ ਵੀ ਆਪਣੀ ਜੀਵਿਕਾ ਲਈ ਕਾਰਬਨ-ਡਾਈਆਕਸਾਈਡ ਸੋਖਦੇ ਹਨ ਤੇ ਆਕਸੀਜਨ ਛੱਡਦੇ ਹਨ । ਉਹੀ ਆਕਸੀਜਨ ਅਸੀਂ ਸਾਹ ਕਿਰਿਆ ਦੌਰਾਨ ਅੰਦਰ ਲੈ ਕੇ ਜਾਂਦੇ ਹਾਂ ਤੇ ਕਾਰਬਨ-ਡਾਈਆਕਸਾਈਡ ਬਾਹਰ ਕੱਢਦੇ ਹਾਂ । ਜੋ ਕਿ ਵਾਯੂਮੰਡਲ ਵਿਚ ਜਾਂਦੀ ਹੈ ਤੇ ਫਿਰ ਰੁੱਖਾਂ ਦੁਆਰਾ ਸੋਖ ਲਈ ਜਾਂਦੀ ਹੈ । ਇਸ ਤਰ੍ਹਾਂ ਕਾਰਬਨ ਦਾ ਚੱਕਰ ਚਲਦਾ ਰਹਿੰਦਾ ਹੈ ਅਤੇ ਵਾਤਾਵਰਨ ਵਿਚ ਗੈਸਾਂ ਦਾ ਸੰਤੁਲਣ ਬਣਿਆ ਰਹਿੰਦਾ ਹੈ । ਜੇ ਰੁੱਖ ਹੀ ਉਪਲਬਧ ਮਾਤਰਾ ਤੋਂ ਘੱਟ ਹੋਣਗੇ ਤਾਂ ਆਕਸੀਜਨ ਤੇ ਕਾਰਬਨ-ਡਾਈਆਕਸਾਈਡ ਤੇ ਹੋਰ ਗੈਸਾਂ ਦਾ ਸੰਤੁਲਨ ਵੀ ਵਿਗੜੇਗਾ । ਸੋਚ ਕੇ ਵੇਖੋ ਕਿ ਇਹ ਦ੍ਰਿਸ਼ ਉਸ ਯੁੱਗ ਵਿਚ ਵਿਚਰ ਰਹੇ ਇਕ ਪਰਿਵਾਰ ਦਾ ਸ਼ਾਇਦ ਇਸ ਤਰ੍ਹਾਂ ਦਾ ਹੋਵੇਗਾ । ਆਪਣੇ ਕਲਪਨਾ ਦੇ ਘੋੜੇ ਦੌੜਾਓ ਤੇ ਆਪਣੀਆਂ ਅੱਖਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰੋ ।

## ਅਪ੍ਰੈਲ ਤੋਂ ਜੂਨ ਤੱਕ

# ਮੁੱਖ ਫਸਲਾਂ ਦੇ ਵੈਰੀ ਕੀੜਿਆਂ ਦੀ ਰੋਕਥਾਮ

ਡਾ. ਡੀ. ਡੀ. ਨਾਰੰਗ, ਸਾਬਕਾ ਕੀਟ ਵਿਗਿਆਨੀ, ਪੀ. ਏ. ਯੂ., ਲੁਧਿਆਣਾ (ਮੋ. 9464720231)

ਮੱਕੀ, ਕਮਾਦ, ਸੂਰਜਮੁੱਖੀ, ਮੂੰਗਫਲੀ, ਝੋਨੇ ਦੀ ਪਨੀਰੀ ਅਤੇ ਢੈਂਚਾ (ਜੰਤਰ) ਆਦਿ ਨੂੰ ਕਈ ਕੀੜਿਆਂ ਤੋਂ ਬਚਾਅ ਲਈ ਹਦਾਇਤਾਂ ਹੇਠ ਦਿੱਤੀਆਂ ਜਾ ਰਹੀਆਂ ਹਨ।

### ਝੋਨਾ

ਬੂਟਿਆਂ ਦੇ ਟਿੱਡੇ (Plant hoppers)

**1) ਚਿੱਟੀ ਪਿੱਠ ਵਾਲਾ ਟਿੱਡਾ** : ਇਨ੍ਹਾਂ ਕੀੜਿਆਂ ਵਿਚ ਚਿੱਟੀ ਪਿੱਠ ਵਾਲੇ ਟਿੱਡੇ ਅਤੇ ਭੂਰੇ ਟਿੱਡੇ ਸ਼ਾਮਲ ਹਨ।

**ਚਿੱਟੀ ਪਿੱਠ ਵਾਲਾ ਟਿੱਡਾ** : ਇਸ ਦੇ ਜਵਾਨ ਕੀੜੇ ਘਸਮੈਲੇ ਚਿੱਟੇ ਰੰਗ ਦੇ ਹੁੰਦੇ ਹਨ ਅਤੇ ਪਿੱਠ ਸਫੈਦ ਹੁੰਦੀ ਹੈ।



ਇਸ ਦੇ ਬੱਚੇ ਸਲੇਟੀ ਚਿੱਟੇ ਰੰਗ ਦੇ ਹੁੰਦੇ ਹਨ ਅਤੇ ਬਾਅਦ ਵਿਚ ਕਾਲੇ ਸਲੇਟੀ ਰੰਗ ਦੇ ਹੋ ਜਾਂਦੇ ਹਨ। ਇਹ ਝੋਨੇ ਦੀ ਪਨੀਰੀ ਉੱਤੇ ਮਈ ਦੇ ਮਹੀਨੇ ਆ ਜਾਂਦਾ ਹੈ ਅਤੇ ਬਾਅਦ ਵਿਚ ਝੋਨੇ ਦੀ ਫਸਲ ਤੇ ਚਲਾ ਜਾਂਦਾ ਹੈ।

**ਨੁਕਸਾਨ** : ਇਹ ਬੂਟਿਆਂ ਦੇ ਹੇਠਲੇ ਪਾਸੇ ਬੈਠ ਕੇ ਛੋਟੇ ਨਰਮ ਪੱਤਿਆਂ ਦਾ ਰਸ ਚੂਸਦਾ ਹੈ, ਜਿਸ ਨਾਲ ਪੱਤੇ ਪੀਲੇ ਅਤੇ ਬਾਅਦ ਵਿਚ ਜੰਗਾਲੇ ਜਾਂਦੇ ਹਨ। ਹਮਲੇ ਵਾਲੇ ਬੂਟੇ ਸੁੱਕ ਜਾਂਦੇ ਹਨ। ਹਮਲੇ ਵਾਲੇ ਖੇਤ ਵਿਚ ਪੱਤਿਆਂ ਦਾ ਸਾੜਾ (Hopper burn) ਗੋਲਾਈ ਦੀ ਸ਼ਕਲ ਵਿਚ ਪਨੀਰੀ ਦੀ ਕਿਆਰੀਆਂ ਅਤੇ ਬਾਅਦ ਵਿਚ ਖੜ੍ਹੀ ਝੋਨਾ ਤੇ ਫਸਲ ਵਿਚ ਕਈ-ਕਈ ਥਾਵਾਂ ਤੇ ਵਿਖਾਈ ਦਿੰਦਾ ਹੈ।

**2. ਪੱਤਿਆਂ ਦਾ ਹਰਾ ਟਿੱਡਾ** : ਇਸ ਦੇ ਜਵਾਨ/ਬੱਚੇ ਹਰੇ ਰੰਗ ਦੇ ਹੁੰਦੇ ਹਨ ਅਤੇ ਛੋਟੇ ਅਤੇ ਪਤਲੇ ਹੁੰਦੇ ਹਨ ਅਤੇ ਦੋਨੋ ਫੰਗਾਂ ਦੇ ਸਿਰੇ ਕਾਲੇ ਭੂਰੇ ਰੰਗ ਦੇ ਹੁੰਦੇ ਹਨ ਅਤੇ ਪਿੱਠ ਤੇ ਹਲਕਾ ਭੂਰਾ ਦਾਗ ਵਿਖਾਈ ਦਿੰਦਾ ਹੈ। ਇਹ ਪਨੀਰੀ ਦੇ ਨਵੇਂ ਪੱਤਿਆਂ ਦਾ ਰਸ ਚੂਸਦੇ ਹਨ ਜਿਸ ਨਾਲ ਪਨੀਰੀ ਦੀ ਪੌਦ ਪੀਲੀ ਪੈ ਜਾਂਦੀ ਹੈ।

**3. ਭੂਰੇ ਟਿੱਡੇ** : ਇਸ ਦੇ ਭੂਰੇ ਰੰਗ ਦੇ ਬੱਚੇ ਅਤੇ ਵੱਡੇ ਟਿੱਡੇ ਬੂਟਿਆਂ ਦਾ ਜਸ ਚੂਸਦੇ ਹਨ ਅਤੇ ਪਨੀਰੀ ਜਾਂ ਖੜ੍ਹੀ ਫਸਲ ਧੌੜੀਆਂ ਵਿਚ ਸੁੱਕ ਜਾਂਦੀ ਹੈ।

**ਰੋਕਥਾਮ** : ਉਪਰੋਕਤ ਦੱਸੇ ਗਏ ਟਿੱਡਿਆਂ ਦੀ ਰੋਕਥਾਮ ਲਈ 800 ਮਿ. ਲਿ. ਏਕਾਲਕਸ 25 ਈ ਸੀ ਜਾਂ 80 ਮਿ. ਲਿ. ਨਿੰਮ ਆਧਾਰਿਤ ਇਕੋਫਿਨ (ਅਜ਼ੈਡੀਰੈਕਟਿਨ 5%) ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਵਿਚ ਘੋਲ ਦੇ ਛਿੜਕਾਅ ਕਰੋ।

**ਖਾਸ ਨੋਟ** : ਜੇਕਰ ਝੋਨੇ ਦਾ ਹਿਸਪਾ ਦੇ ਬੱਚੇ ਪੱਤਿਆਂ ਵਿਚ ਸੁਰੰਗਾਂ ਬਣਾ ਕੇ ਖਦੇ ਹਨ ਤਾਂ ਇਸ ਦੇ ਹਮਲੇ ਦੇ ਚਿੱਟੀ ਧਾਰੀਆਂ ਵਾਲੇ ਪੌਦ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਓ। ਤਾਂ ਕਿ ਇਸ ਦਾ ਵਧਾ ਸਾਰੇ ਝੋਨੇ ਦੇ ਖੇਤ ਵਿਚ ਨਾ ਵਧੇ।

### ਕਮਾਦ ਦੇ ਕੀੜੇ :

**1) ਸਿਉਂਕ** : ਇਸ ਵੈਰੀ ਕੀੜੇ ਦਾ ਹਮਲਾ ਅਪ੍ਰੈਲ ਤੋਂ ਜੂਨ ਵਿਚ ਹੁੰਦਾ ਹੈ। ਛੋਟੇ ਉੱਗ ਰਹੇ ਛੋਟੇ ਬੂਟਿਆਂ ਨੂੰ ਵੀ ਸੁਕਾ ਦਿੰਦੀ ਹੈ।

1) ਇਸ ਦੇ ਨੁਕਸਾਨ ਨੂੰ ਘੱਟ ਕਰਨ ਲਈ ਕੇਵਲ ਗਲੀ ਸੜੀ ਰੂੜੀ ਦੀ ਖਾਦ ਵਰਤੋਂ।

2) ਪਹਿਲੀ ਫਸਲ ਦੀ ਰਹਿੰਦ-ਖੂੰਹਦ ਅਤੇ ਮੁੱਢ ਆਦਿ ਖੇਤ ਵਿਚੋਂ ਬਾਹਰ ਕੱਢ ਦਿਓ।

3) ਸਿਉਂਕ ਤੋਂ ਬਚਾਉਣ ਲਈ 200 ਮਿਲੀਲਿਟਰ ਕੋਰਾਜਨ 18.5 ਐਮ ਸੀ 400 ਲਿਟਰ ਪਾਣੀ ਵਿਚ ਘੋਲ ਕੇ ਫੁਆਰੇ ਨਾਲ ਸਿਆੜਾਂ ਵਿਚ ਪਈਆਂ ਗੁੱਲੀਆਂ ਉੱਪਰ ਛਿੜਕੋ ਜਾਂ ਇਸ ਦੀ ਰੋਕਥਾਮ ਲਈ ਫਸਲ ਦੇ ਜੰਮ ਪੂਰਾ ਹੋਣ ਤੇ (ਬਿਜਾਈ ਤੋਂ 45 ਦਿਨਾਂ ਬਾਅਦ) 45 ਮਿ.ਲਿ. ਇਮਿਡਾਗੋਲਡ 17.8 ਐਸ. ਐਲ. (ਇਮਿਡਾਕਲੋਪਰਿਡ) ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਓ।

4) ਕਿਸੇ ਕਾਰਨ ਨਾ ਵਰਤੇ ਗਏ ਹੋਣ ਤਾਂ ਫਸਲ ਦਾ ਜੰਮ ਪੂਰਾ ਹੋਣ ਤੋਂ ਬਾਅਦ (ਬਿਜਾਈ ਤੋਂ 45 ਦਿਨਾਂ ਬਾਅਦ) 10 ਕਿਲੋ ਫਿਪਰੋਨਿਲ ਨੂੰ 20 ਕਿਲੋ ਗਿੱਲੀ ਮਿੱਟੀ/ਰੇਤ ਵਿਚ ਮਿਲਾ ਕੇ ਜਾਂ 150 ਮਿ.ਲਿ. ਕੋਰਾਜ਼ਨ 18.5 ਐਸ ਸੀ ਜਾਂ 2 ਲਿਟਰ ਕਲੋਰਪਾਈਰੀਫਾਸ ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਫੁਹਾਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਓ ਅਤੇ ਹਲਕੀ ਮਿੱਟੀ ਚੜ੍ਹਾ ਕੇ ਪਤਲਾ ਪਾਣੀ ਦਿਓ।

**2. ਕਾਲਾ ਖਟਮਲ** : ਇਹ ਕੀੜਾ ਅਪ੍ਰੈਲ-ਮਈ ਵਿਚ ਪਹਿਲੀ ਵਾਰ ਨਜ਼ਰ ਆਉਂਦੀ ਹਮਲੇ ਵਾਲੇ ਬੂਟੇ ਦੇ ਪੱਤੇ ਪੀਲੇ ਹੋ ਜਾਂਦੇ ਹਨ।

★ **ਰੋਕਥਾਮ** : 600 ਮਿ. ਲਿ. ਡਰਸਬਾਲ 20 ਈ ਸੀ ਕਲੋਰਪਾਈਰੀਫਾਸ ਨੂੰ 400 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**3. ਆਗ ਦਾ ਗੜੂੰਆਂ** : ਜੇਕਰ 5% ਤੋਂ ਵੱਧ ਹੋਵੇ ਪ੍ਰਤੀ ਏਕੜ ਦੇ ਹਿਸਾਬ 10 ਕਿਲੋ ਕਾਰਬੋਫੂਰਾਨ ਨੂੰ ਸ਼ਾਖਾਂ ਦੇ ਮੁੱਢਾਂ ਨੇੜੇ ਪਾਓ ਅਤੇ ਮੁੱਢਾਂ ਨੂੰ ਹਲਕੀ ਮਿੱਟੀ ਚਾੜ੍ਹ ਕੇ ਖੇਤ ਨੂੰ ਪਾਣੀ ਲਾ ਦਿਓ।

**4) ਥਰਿਪ** : ਇਹ ਕੀੜਾ ਅਪ੍ਰੈਲ ਤੋਂ ਜੂਨ ਤੱਕ ਫਸਲ ਦਾ ਨੁਕਸਾਨ ਕਰਦਾ ਹੈ। ਇਹ ਖੁੱਲ ਰਹੇ ਪੱਤਿਆਂ ਵਿਚੋਂ ਅਤੇ ਨਵੇਂ ਪੱਤਿਆਂ ਦੇ ਸਿਰਿਆਂ ਤੋਂ ਰਸ ਚੂਸਦਾ ਹੈ। ਪੱਤੇ ਮੁਰਝਾ ਦੇ ਸੁੱਕ ਜਾਂਦੇ ਹਨ।

★ **ਰੋਕਥਾਮ** : ਜੇ ਹਮਲਾ ਜ਼ਿਆਦਾ ਹੋਵੇ ਤਾਂ 170 ਮਿਲੀਲਿਟਰ ਡੈਲੀਗੇਟ 11.7 ਐਸ. ਸੀ./500 ਮਿ.ਲਿ. ਪ੍ਰੋਫੈਨਫਾਸ 50 ਐਸ ਸੀ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

**5) ਕਮਾਦ ਦੀ ਜੂੰ (ਮਾਈਟ)** : ਅਪ੍ਰੈਲ ਤੋਂ ਜੂਨ ਵਿਚਾਲੇ ਹੁੰਦਾ ਹੈ। ਇਹ ਪੱਤਿਆਂ ਦੇ ਹੇਠਲੇ ਪਾਸੇ ਤੋਂ ਰਸ ਚੂਸਦਾ ਹੈ। ਜਿਸ ਨਾਲ ਪੱਤੇ ਲਾਲ ਹੋ ਜਾਂਦੇ ਹਨ ਅਤੇ ਸੜ ਜਾਂਦੇ ਹਨ।

**ਰੋਕਥਾਮ** : ਪਹਿਲਾਂ ਇਹ ਬਰੂਘਾਹ ਉੱਪਰ ਰਹਿੰਦੀ ਹੈ, ਇਸ ਲਈ ਉੱਗਿਆ ਹੋਇਆ ਘਾਹ ਨਸ਼ਟ ਕਰ ਦਿਓ ਅਤੇ ਥਰਿਪ ਨੂੰ ਮਾਰਨ ਵਾਲੀ ਦੱਸੀ ਦਵਾਈਆਂ ਦੀ ਵਰਤੋਂ ਕਰੋ।

### ਮੱਕੀ :

**ਮੱਕੀ ਦਾ ਗੜੂੰਆਂ** : ਇਹ ਮੱਕੀ ਦਾ ਮੁੱਖ ਕੀੜਾ ਹੈ। ਇਸ ਦੀਆਂ ਸੁੰਡੀਆਂ ਪਹਿਲਾਂ ਬੂਟੇ ਦੇ ਪੱਤਿਆਂ ਉੱਪਰ ਝਰੀਟਾਂ



ਪਾ ਦਿੰਦੀਆਂ ਹਨ ਅਤੇ ਗੋਭ ਰਾਹੀਂ ਮੋਰੀਆਂ ਕਰ ਦਿੰਦੀਆਂ ਹਨ। ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ।

**ਰੋਕਥਾਮ** :

1) ਮੱਕੀ ਦੇ ਮੁੱਢਾਂ, ਪੱਹਲਾਂ ਟਾਂਡਿਆਂ ਤੇ ਗੁੱਲਾਂ ਵਿਚ ਲੁਕੇ ਹੋਏ ਗੜੂੰਏ ਨੂੰ ਖਤਮ ਕਰੋ।

2) ਗੋਡੀ ਕਰਦੇ ਸਮੇਂ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰੋ।

3) ਬਿਜਾਈ ਤੋਂ 2-3 ਹਫਤੇ ਪਿੱਛੋਂ ਜਿਸ ਵੇਲੇ ਕੀੜੇ ਦਾ ਹਮਲਾ ਦਿਸੇ ਤਾਂ 30 ਮਿ. ਲਿਟਰ ਕੋਰਾਜਨ 18.5 ਕੋਰਾਜ਼ਨ 18.5 ਐਸ. ਸੀ ਨੂੰ 60 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕੋ।

**ਮੱਕੀ ਦਾ ਫਾਲ ਆਰਮੀ ਵਰਮ** : ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ।

ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ।

ਇਸ ਦੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਅਪਨਾਓ :

1) ਮੱਕੀ ਦੀ ਬਿਜਾਈ ਸਮੇਂ ਅਨੁਸਾਰ ਕਰੋ।

2) ਨਾਲ ਲਗਦੇ ਖੇਤਾਂ ਵਿਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫੈਲਾਅ ਘਟਾਇਆ ਜਾ ਸਕੇ।



3) ਪੱਤਿਆਂ ਉਪਰ ਦਿੱਤੇ ਆਂਡਿਆਂ ਨੂੰ ਨਸ਼ਟ ਕਰ ਦਿਓ।

4) ਇਸ ਕੀੜੇ ਦੀ ਰੋਕਥਾਮ ਨਹੀ 40 ਮਿ.ਲਿ. ਕੋਰਾਜ਼ਨ 18.5 ਐਸ ਸੀ ਜਾਂ 40 ਗ੍ਰਾਮ ਮਿਜ਼ਾਈਲ 5 ਐਸ ਜੀ ਨੂੰ 100 ਲਿਟਰ ਪ੍ਰਤੀ ਏਕੜ ਵਰਤੋ।

**3) ਜੂੰ (Mite)** : ਇਸ ਰਸ ਚੂਸਣ ਵਾਲੇ ਜੀਵ ਦਾ ਹਮਲਾ ਜੂਨ ਵਿਚ ਅਤੇ ਫਸਲ ਪੱਕਣ ਨੇੜੇ ਬਹੁਤ ਹੁੰਦਾ ਹੈ। ਹਮਲੇ ਵਾਲੇ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਇਹ ਛੇਤੀ ਪਹਿਚਾਣੇ ਜਾਂਦੇ ਹਨ ਕਿਉਂਕਿ ਇਨ੍ਹਾਂ ਉੱਪਰ ਮਿੱਟੀ ਰੰਗੇ ਜਾਲੇ ਲੱਗੇ ਹੁੰਦੇ ਹਨ।

### ਸੂਰਜਮੁੱਖੀ ਦੇ ਮੁੱਖ ਕੀੜੇ

**1) ਚੋਰ ਸੁੰਡੀ (ਕਟਵਰਮ)** : ਇਹ ਕੀੜਾ ਆਲੂਆਂ ਪਿੱਛੋਂ ਬੀਜੀ ਫਸਲ ਤੇ ਮਾਰਚ-ਅਪ੍ਰੈਲ ਵਿਚ ਬੀਜੀ ਫਸਲ ਵਿਚ ਹਮਲਾ ਕਰਦਾ ਹੈ। ਸਲੇਟੀ ਰੰਗੀ ਘਸਮੈਲੀ ਛੋਟੀਆਂ ਸੁੰਡੀਆਂ ਰਾਤ ਵੇਲੇ ਛੋਟੇ ਬੂਟਿਆਂ ਨੂੰ ਕੁਤਰ ਕੇ ਖਾ ਜਾਂਦੀਆਂ ਹਨ। ਜਿਸ ਨਾਲ ਬੂਟਿਆਂ ਦੀ ਗਿਣਤੀ ਘੱਟ ਜਾਂਦੀ ਹੈ।

★ **ਰੋਕਥਾਮ** : ਸੁੰਡੀਆਂ ਦੀ ਰੋਕਥਾਮ 300 ਮਿਲੀਲਿਟਰ ਪ੍ਰਤੀ ਏਕੜ ਸੁਪਰਕਿਲਰ 10 ਈ. ਸੀ. ਦਾ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਛਿੜਕਾਅ ਹਮੇਸ਼ਾਂ ਬਾਦ ਦੁਪਹਿਰ ਕਰੋ ਜਦੋਂ ਸ਼ਹਿਦ ਦੀਆਂ ਮੱਖੀਆਂ ਅਤੇ ਮਿੱਤਰ ਕੀੜਿਆਂ ਦੀ ਘੱਟ ਹਰਕਤ ਵਿਚ ਹੁੰਦੇ ਹਨ।

**2) ਅਮਰੀਕਨ ਸੁੰਡੀ** : ਇਹ ਸੁੰਡੀ ਫਸਲ ਦੇ ਪੱਤਿਆਂ, ਫੁੱਲਾਂ ਦੀਆਂ ਪੱਤੀਆਂ ਅਤੇ ਬਣ ਰਹੇ ਕੱਚੇ ਦਾਣਿਆਂ ਨੂੰ ਖਾਂਦੀਆਂ ਹਨ ਅਤੇ ਹਮਲੇ ਵਾਲੇ ਫੁੱਲਾਂ ਵਿਚ ਗਾਲਾ ਪੈ ਜਾਂਦਾ ਹੈ।

★ **ਰੋਕਥਾਮ** : 1) ਸੂਰਜਮੁੱਖੀ ਦੀ ਫਸਲ ਵਿਚ ਮੂੰਗੀ, ਮਾਂਹ ਗੇਂਦੇ ਦੇ ਫੁੱਲਾਂ ਦੀ ਬਿਜਾਈ ਕਰੋ।

2) ਫਸਲ ਦੇ ਆਲੇ-ਦੁਆਲੇ 3-4 ਕਤਾਰਾਂ ਲਾਈਨਾਂ ਮੱਕੀ ਦੀਆਂ ਬੀਜੋ।

### ਮੂੰਗਫਲੀ ਦਾ ਚਿੱਟਾ ਸੁੰਡ/ਸਿਉਂਕ

1) ਸਿਹਤਮੰਦ ਅਤੇ ਨਰੋਈਆਂ ਗਿਰੀਆਂ ਨੂੰ ਛਾਂਟ ਕੇ 2 ਮਿ.ਲਿ. ਨਿਊਨਿਕਸ 20 ਐਫ ਐਸ (ਇਮਿਡਾਕਲੋਪਰਿਡ 18.5%+ਹੈਕਸਾਕੋਨਾਜ਼ੋਲ 15%) ਪ੍ਰਤੀ ਕਿਲੋ ਗਿਰੀਆਂ ਦੇ ਹਿਸਾਬ ਨਾਲ ਸੋਧ ਲਓ। ਨਿਊਨਿਕਸ ਜੜ੍ਹਾਂ ਦੇ ਚਿੱਟੇ ਸੁੰਡ ਅਤੇ ਸਿਉਂਕ ਦੀ ਰੋਕਥਾਮ ਕਰਦੀ ਹੈ।

2) ਖੇਤ ਨੂੰ ਮਈ-ਜੂਨ ਵਿਚ ਦੋ ਵਾਰ ਵਾਹੋ ਤਾਂ ਸਾਰੇ ਕੀੜੇ ਦਾ ਬਚ ਜ਼ਮੀਨ ਤੋਂ ਬਾਹਰ ਆ ਜਾਣ।

3) ਸਾਉਣੀ ਦੀ ਫਸਲ ਜਿੱਥੋਂ ਤਕ ਹੋ ਸਕੇ ਅਗੇਤੀ ਬੀਜੋ।

### ਢੈਂਚਾ (ਜੰਤਰ) :

ਤੰਬਾਕੂ ਦੀ ਸੁੰਡੀਆਂ ਜੰਮਦੀ ਫਸਲ ਨੂੰ ਰੁੰਡ ਮਰੁੰਡ ਕਰ ਦਿੰਦੀਆਂ ਹਨ। ਇਸ ਦੀ ਰੋਕਥਾਮ ਲਈ 350 ਮਿ. ਲਿ. ਏਕਾਲਕਸ 25 ਈ.ਸੀ. (ਕੁਇਨਲਫਾਸ) ਨੂੰ 80-100 ਲਿਟਰ ਪਾਣੀ ਵਿਚ ਘੋਲ



ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਲੋੜ ਅਨੁਸਾਰ ਛਿੜਕਾਅ ਕਰੋ।

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 14
ਮਿਤੀ 06-04-2024

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH


# ਫਸਲੀ ਵਿਭਿੰਨਤਾ - ਤੁਰਦੀ ਹੈ ਗੱਲ, ਨਹੀਂ ਹੁੰਦਾ ਹੱਲ

ਪੰਜਾਬ ਦੇ ਜ਼ਿਆਦਾਤਰ ਕਿਸਾਨ ਕਣਕ-ਝੋਨੇ ਦੀ ਖੇਤੀ ਕਰਦੇ ਹਨ। ਇਨ੍ਹਾਂ ਦੋਵਾਂ ਫਸਲਾਂ 'ਤੇ ਜਿੱਥੇ ਸਰਕਾਰ ਐੱਮ ਐੱਸ ਪੀ ਦਿੰਦੀ ਹੈ, ਉਥੇ ਹੀ ਸਰਕਾਰ ਇਨ੍ਹਾਂ ਫਸਲਾਂ ਨੂੰ ਖਰੀਦਦੀ ਵੀ ਹੈ। ਜਦੋਂ ਫਸਲ ਤੋਂ ਕਮਾਈ ਅਤੇ ਖਰੀਦ ਦੋਵੇਂ ਪੱਕੀਆਂ ਹੋਣ ਤਾਂ ਭਲਾ ਕਿਸਾਨ ਹੋਰ ਕਿਸੇ ਫਸਲ ਦੀ ਬਿਜਾਈ ਕਿਉਂ ਕਰੇਗਾ। ਇਹੀ ਹਾਲ ਪੰਜਾਬ ਵਿਚ ਹੋ ਰਿਹਾ ਹੈ। ਲੇਕਿਨ ਇਨ੍ਹਾਂ ਦੋਵਾਂ ਫਸਲਾਂ ਦੀ ਸਫਲਤਾ ਨੇ ਕਿਸਾਨਾਂ ਦੇ ਸਾਹਮਣੇ ਅਜਿਹਾ ਚੱਕਰਵਿਊ ਬਣਾ ਦਿੱਤਾ ਹੈ ਕਿ ਉਹ ਚਾਹੁੰਦੇ ਹੋਏ ਵੀ ਕਣਕ ਤੇ ਝੋਨੇ ਦੇ ਫਸਲੀ ਚੱਕਰ 'ਚੋਂ ਬਾਹਰ ਨਿਕਲਣ ਦੇ ਸਮਰੱਥ ਨਹੀਂ ਹਨ। ਹੁਣ ਲੋਕ ਸਭਾ ਚੋਣਾਂ ਵਿਚ ਇਹ ਮੁੱਦਾ ਜ਼ੋਰ ਸ਼ੋਰ ਨਾਲ ਉੱਠਣਾ ਚਾਹੀਦਾ ਹੈ।

ਭਾਵੇਂ ਸਮੇਂ-ਸਮੇਂ ਦੀਆਂ ਸਰਕਾਰਾਂ ਕਿਸਾਨਾਂ ਨੂੰ ਪੰਜਾਬ ਅੰਦਰ ਫਸਲੀ ਵਿਭਿੰਨਤਾ ਅਪਣਾਉਣ ਲਈ ਜ਼ੋਰ ਦਿੰਦੀਆਂ ਆ ਰਹੀਆਂ ਹਨ ਪਰ ਕਿਸੇ ਵੀ ਸਰਕਾਰ ਨੇ ਅਜੇ ਤੱਕ ਫਸਲੀ ਵਿਭਿੰਨਤਾ ਲਈ ਠੋਸ ਕਦਮ ਨਹੀਂ ਉਠਾਇਆ। ਪਿਛਲੀਆਂ ਸਰਕਾਰਾਂ ਸਮੇਂ ਬਣੀਆਂ ਦੋ ਕਮੇਟੀਆਂ ਦੀਆਂ ਸਿਫਾਰਸ਼ਾਂ ਵੀ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀਆਂ ਗਈਆਂ ਹਨ। ਇਹੀ ਕਾਰਨ ਹੈ ਕਿ ਪੰਜਾਬ ਦਾ ਕਿਸਾਨ ਅਜੇ ਵੀ ਕਣਕ ਝੋਨੇ ਦੇ ਫਸਲੀ ਚੱਕਰ ਵਿਚ ਉਲਝਿਆ ਹੋਇਆ ਹੈ। ਕਿਸਾਨਾਂ ਕੋਲ ਝੋਨੇ ਤੇ ਕਣਕ ਦਾ ਅਜੇ ਤੱਕ ਹੋਈ ਬਦਲ ਨਜ਼ਰ ਨਹੀਂ ਆ ਰਿਹਾ।

ਭਾਵੇਂ ਕਿਸਾਨਾਂ ਨੂੰ ਹੋਰ ਫਸਲਾਂ ਬੀਜਣ ਲਈ ਕਿਹਾ ਜਾ ਰਿਹਾ ਹੈ ਪਰ ਕਿਸਾਨਾਂ ਦਾ ਕਹਿਣਾ ਹੈ ਕਿ ਅਜਿਹੀਆਂ ਫਸਲਾਂ ਦੇ ਮੰਡੀਕਰਨ ਦਾ ਪੂਰਾ ਪ੍ਰਬੰਧ ਨਹੀਂ ਹੈ। ਜਦੋਂ ਦੇਸ਼ ਅਨਾਜ ਦੀ ਕਮੀ ਨਾਲ ਜੂਝ ਰਿਹਾ ਸੀ ਤਾਂ ਵੱਡੀ ਗਿਣਤੀ 'ਚ ਲੋਕਾਂ ਦਾ ਢਿੱਡ ਭਰਨ ਲਈ ਕਣਕ-ਝੋਨੇ ਦੀ ਜ਼ਰੂਰਤ ਸੀ। ਸਰਕਾਰ ਨੇ ਇਨ੍ਹਾਂ ਦੋ ਫਸਲਾਂ ਤੋਂ ਇਲਾਵਾ ਬਾਕੀ ਫਸਲਾਂ ਦੀ ਖਰੀਦ ਤੋਂ ਹੱਥ ਪਿੱਛੇ ਖਿੱਚ ਲਿਆ। ਪੰਜਾਬ ਦੇ ਕਿਸਾਨ ਪੂਰੀ ਤਰ੍ਹਾਂ ਕਣਕ ਝੋਨੇ 'ਤੇ ਨਿਰਭਰ ਹੋ ਕੇ ਆਪਣੀਆਂ ਰਵਾਇਤੀ ਫਸਲਾਂ ਛੱਡ ਬੈਠੇ। ਪਰ ਕਣਕ ਝੋਨੇ ਦੇ ਫਸਲੀ ਚੱਕਰ ਨੂੰ ਅਪਣਾਉਣ ਕਾਰਨ ਪੰਜਾਬ ਦੇ ਕੁਦਰਤੀ ਸਾਧਨਾਂ 'ਤੇ ਬਹੁਤ ਜ਼ਿਆਦਾ ਮਾੜਾ ਪ੍ਰਭਾਵ ਪਿਆ ਹੈ। ਪੰਜਾਬ ਵਿਚ 1970-71 ਵਿਚ ਝੋਨੇ ਦੀ ਖੇਤੀ 3.9 ਲੱਖ ਹੈਕਟੇਅਰ ਵਿਚ ਹੁੰਦੀ ਸੀ, ਉਹ 31 ਲੱਖ ਹੈਕਟੇਅਰ ਵਿਚ ਹੋਣ ਲੱਗੀ, ਭਾਵ ਕਿ ਪੰਜ ਦਹਾਕੇ ਵਿਚ ਅੱਠ ਗੁਣਾ ਵਾਧਾ ਹੋਇਆ।

### 54 ਫੀਸਦੀ ਰਕਬੇ 'ਚ ਹੁੰਦੀ ਸੀ ਫਸਲੀ ਵਿਭਿੰਨਤਾ

ਫਸਲੀ ਵਿਭਿੰਨਤਾ ਨਾਲ ਜਿੱਥੇ ਸੂਬੇ ਦਾ ਕਿਸਾਨ ਖੁਸ਼ਹਾਲ ਹੋ ਸਕਦਾ ਹੈ ਉਥੇ ਹੀ ਬਹੁਮੁੱਲੀ ਪਾਣੀ ਦੀ ਦਾਤ ਨੂੰ ਵੀ ਬਚਾਇਆ ਜਾ ਸਕੇਗਾ। ਭਾਰਤ ਦੇ ਕਰੀਬ 2 ਫੀਸਦੀ ਰਕਬੇ ਦਾ ਮਾਲਕ ਪੰਜਾਬ ਨੇ ਕੇਂਦਰੀ ਅੰਨ-ਭੰਡਾਰ ਭਰਨ ਵਿਚ ਆਪਣਾ 40 ਤੋਂ 45 ਫੀਸਦੀ ਤਕ ਯੋਗਦਾਨ ਪਾਇਆ। ਹਰੀ ਕ੍ਰਾਂਤੀ ਤੋਂ ਪਹਿਲਾਂ ਫਸਲੀ ਵਿਭਿੰਨਤਾ ਜ਼ਿਆਦਾ ਸੀ।

ਉਸ ਸਮੇਂ ਕਿਸਾਨ ਕਈ ਕਈ ਫਸਲਾਂ ਦੀ ਬਿਜਾਈ ਕਰਦੇ ਸਨ। ਖੇਤੀ ਮਾਹਿਰਾਂ ਅਨੁਸਾਰ 1966-67 ਪੰਜਾਬ ਵਿਚ ਸੂਬੇ ਅੰਦਰ ਕਣਕ 38.6 ਫੀਸਦੀ, ਝੋਨਾ 6.82 ਫੀਸਦੀ ਅਤੇ ਬਾਕੀ ਦਾ 54 ਫੀਸਦੀ ਰਕਬੇ ਵਿਚ ਹੋਰ ਫਸਲਾਂ ਦੀ ਬਿਜਾਈ ਹੁੰਦੀ ਸੀ, ਜਿਨ੍ਹਾਂ ਵਿਚ ਛੋਲੇ 15.16 ਫੀਸਦੀ, ਕਪਾਹ 10.34 ਫੀਸਦੀ, ਬਾਜਰਾ 4.40, ਮੱਕੀ 10.62 ਫੀਸਦੀ, ਮੂੰਗਫਲੀ 4.35 ਫੀਸਦੀ, ਸਰ੍ਹੋਂ, ਗੰਨਾ ਅਤੇ ਜੌਂ ਦੀ ਕਾਸ਼ਤ ਕੁੱਲ 9 ਫੀਸਦੀ ਰਕਬੇ ਵਿਚ ਹੁੰਦੀ ਸੀ। ਦਾਲਾਂ, ਤਿਲ, ਅਲਸੀ, ਚਰੀ, ਜਵੀ ਆਦਿ 0.68 ਫੀਸਦੀ ਰਕਬੇ ਵਿਚ ਬੀਜੇ ਜਾਂਦੇ ਸਨ। ਸਾਲ 1985-86 ਕਣਕ ਤੇ ਝੋਨੇ ਹੇਠ ਜ਼ਿਆਦਾ ਰਕਬਾ ਆ ਗਿਆ। ਕਣਕ 50.53 ਫੀਸਦੀ, ਝੋਨਾ 27.83 ਫੀਸਦੀ ਅਤੇ ਬਾਕੀ ਬਚੇ 22 ਫੀਸਦੀ ਰਕਬੇ ਵਿਚ ਛੋਲੇ 1.75 ਫੀਸਦੀ, ਕਪਾਹ 9.09 ਫੀਸਦੀ, ਬਾਜਰਾ 0.50 ਫੀਸਦੀ, ਮੱਕੀ 4.22 ਫੀਸਦੀ ਮੂੰਗਫਲੀ 0.73 ਫੀਸਦੀ, ਸਰ੍ਹੋਂ, ਗੰਨਾ ਅਤੇ ਜੌਂ ਦੀ ਕਾਸ਼ਤ ਘੱਟ ਕੇ ਕੁੱਲ 4 ਫੀਸਦੀ ਰਕਬੇ ਵਿਚ ਰਹਿ ਗਈ। ਇਨ੍ਹਾਂ ਦੋ ਦਹਾਕਿਆਂ ਵਿਚ ਝੋਨੇ ਹੇਠ ਰਕਬਾ 4.5 ਗੁਣਾ ਵਧ ਗਿਆ ਜਿਸ ਦਾ ਸਿੱਧਾ ਅਸਰ ਸਾਉਣੀ ਦੀਆਂ ਫਸਲਾਂ ਜਿਵੇਂ ਮੱਕੀ, ਮੂੰਗਫਲੀ, ਕਪਾਹ ਆਦਿ 'ਤੇ ਪਿਆ। ਕਣਕ ਦੀ ਬੌਣੀ ਕਿਸਮ ਨੇ ਛੋਲਿਆਂ ਹੇਠ ਰਕਬਾ ਲਗਭਗ ਖਤਮ ਕਰ ਦਿੱਤਾ 'ਤੇ ਸਰ੍ਹੋਂ ਤੇ ਵੀ ਅਸਰ ਪਾਇਆ। ਛੇ ਦਹਾਕਿਆਂ ਦੌਰਾਨ ਝੋਨੇ ਹੇਠ ਰਕਬਾ ਲਗਭਗ ਦਸ ਗੁਣਾ ਵੱਧ ਗਿਆ।



### ਫਸਲੀ ਵਿਭਿੰਨਤਾ ਲਈ ਕਿਸਾਨਾਂ ਨੂੰ ਵੀ ਅੱਗੇ ਆਉਣਾ ਪਵੇਗਾ : ਡਾ. ਬਰਾੜ

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸੇਵਾ ਮੁਕਤ ਐਸੋਸੀਏਟ ਡਾਇਰੈਕਟਰ ਡਾ. ਜਤਿੰਦਰ ਸਿੰਘ ਬਰਾੜ ਦਾ ਕਹਿਣਾ ਕਿ ਸਰਕਾਰ ਦੇ ਨਾਲ-ਨਾਲ ਖੁਦ ਕਿਸਾਨਾਂ ਨੂੰ ਵੀ ਫਸਲੀ ਵਿਭਿੰਨਤਾ ਅਪਣਾਉਣ ਲਈ ਅੱਗੇ ਆਉਣਾ ਪਵੇਗਾ। ਕਿਸਾਨਾਂ ਨੂੰ ਤੇਲ ਬੀਜ, ਦਾਲਾਂ ਦੀ ਕਾਸ਼ਤ ਕਰਨੀ ਪਵੇਗੀ। ਕਿਸਾਨਾਂ ਨੂੰ ਆਪਣੇ ਗਰੁੱਪ ਬਣਾ ਕੇ ਪਿੰਡਾਂ ਅੰਦਰ ਫੀਡ ਗਰੇਡਿੰਗ, ਐਕਸਪੇਲਿਰ, ਸੀਡ ਗਰੇਡਰ, ਕੋਹਲੂ, ਘੁਲਾੜੇ ਲਾਉਣੇ ਪੈਣਗੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬੇ ਦੇ ਬੰਦ ਪਏ 2 ਹਜ਼ਾਰ ਫੋਕਲ ਪੁਆਇੰਟਾਂ ਨੂੰ ਮੁੜ ਸੁਰਜੀਤ ਕਰ ਕੇ ਅਜਿਹੇ ਯੂਨਿਟ ਲਾਏ ਜਾਣ। ਉਨ੍ਹਾਂ ਕਿਹਾ ਕਿ ਇਕ ਕੁਇੰਟਲ ਸਰ੍ਹੋਂ ਵਿਚ 35 ਕਿਲੋ ਤੇਲ ਨਿਕਲਦਾ ਹੈ, ਜਿਸ ਦੀ ਕੀਮਤ ਅੱਜ ਦੇ ਹਿਸਾਬ ਨਾਲ 7 ਹਜ਼ਾਰ ਰੁਪਏ ਬਣਦੀ ਹੈ ਅਤੇ ਉਸ ਤੋਂ ਬਣੀ ਖਲ੍ਹ ਅਲੱਗ ਬਚਦੀ ਹੈ। ਉਨ੍ਹਾਂ ਪੰਜਾਬ ਅੰਦਰ ਪ੍ਰੋਸੈਸਿੰਗ ਯੂਨਿਟ ਲਾਉਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਕਦਮ ਉਠਾ ਰਹੀ ਹੈ।

### ਫਸਲੀ ਵਿਭਿੰਨਤਾ ਰਿਪੋਰਟਾਂ 'ਤੇ ਨਹੀਂ ਹੋਇਆ ਅਮਲ

1966 ਅਤੇ 2002 ਵਿਚ ਪੰਜਾਬ ਸਰਕਾਰ ਨੇ ਫਸਲੀ ਵਿਭਿੰਨਤਾ ਲਿਆਉਣ ਲਈ ਦੋ ਅਲੱਗ-ਅਲੱਗ ਕਮੇਟੀਆਂ ਵੀ ਬਣਾਈਆਂ ਸਨ, ਪਰ ਪ੍ਰੋ. ਐੱਸ. ਐੱਸ ਜੌਹਲ ਦੀ ਚੇਅਰਮੈਨੀ ਵਿਚ ਬਣੀਆਂ ਇਨ੍ਹਾਂ ਕਮੇਟੀਆਂ ਦੀ ਰਿਪੋਰਟ 'ਤੇ ਅੱਜ ਤੱਕ ਅਮਲ ਨਹੀਂ ਹੋ ਸਕਿਆ ਹੈ। ਰਿਪੋਰਟ ਵਿਚ 20 ਫੀਸਦੀ ਖੇਤੀ ਵਿਚ ਵਿਭਿੰਨਤਾ ਲਿਆਉਣ ਦੀ ਸਿਫਾਰਸ਼ ਕੀਤੀ ਗਈ ਸੀ। ਪ੍ਰੋ. ਨੇ ਦੱਸਿਆ ਕਿ ਭਾਰਤ ਦੁਨੀਆਂ ਦੇ ਦੂਜੇ ਦੇਸ਼ਾਂ ਤੋਂ ਤਕਰੀਬਨ 1500 ਕਰੋੜ ਦੀਆਂ ਦਾਲਾਂ ਅਤੇ ਆਇਲਸੀਡ ਨਿਰਯਾਤ ਕਰਦਾ ਸੀ। ਉਨ੍ਹਾਂ ਸਰਕਾਰਾਂ ਨੂੰ ਸੁਝਾਅ ਦਿੱਤਾ ਕਿ ਇਹੀ ਪੈਸਾ ਕਿਸਾਨਾਂ ਨੂੰ ਦੇ ਕੇ ਉਨ੍ਹਾਂ ਨੂੰ ਦਾਲ ਅਤੇ ਆਇਲਸੀਡ ਉਗਾਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਇਸ ਨਾਲ ਭਾਰਤ ਨੂੰ ਬਾਹਰ ਤੋਂ ਦਾਲ ਨਹੀਂ ਖਰੀਦਣੀ ਪਵੇਗੀ ਅਤੇ ਨੁਕਸਾਨ ਦੀ ਭਰਪਾਈ ਹੋਣ 'ਤੇ ਕਿਸਾਨ ਝੋਨਾ ਛੱਡ ਕੇ ਦਾਲ ਉਗਾਉਣ ਦਾ ਵਿਕਲਪ ਖੁਦ ਚੁਣਨਗੇ। ਸਿਰਫ 1600 ਕਰੋੜ ਰੁਪਏ ਖਰਚ ਕਰਨ ਨਾਲ ਸਰਕਾਰ ਉਸ ਸਮੇਂ ਇਕ ਮਿਲੀਅਨ ਹੈਕਟੇਅਰ 'ਤੇ ਝੋਨੇ ਦੀ ਖੇਤੀ ਘੱਟ ਕਰ ਸਕਦੀ ਹੈ। ਉਨ੍ਹਾਂ ਦੇ ਸੁਝਾਅ ਨਾਲ ਰਾਜ ਸਰਕਾਰ ਵੀ ਇਤਫਾਕ ਰੱਖਦੀ ਸੀ, ਪਰ ਬਾਅਦ ਵਿਚ ਰਾਜ ਸਰਕਾਰ ਨੇ ਕੇਂਦਰ ਸਰਕਾਰ ਤੋਂ ਮਾਮਲੇ ਨੂੰ ਅੱਗੇ ਨਹੀਂ ਵਧਾਇਆ ਅਤੇ ਉਹ ਰਿਪੋਰਟ ਅੱਜ ਤੱਕ ਅਮਲ ਵਿਚ ਨਹੀਂ ਆ ਸਕੀ।

### ਪੰਜਾਬ ਸਰਕਾਰ ਚੁੱਕ ਰਹੀ ਅਹਿਮ ਕਦਮ : ਖੁੱਡੀਆਂ

ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਸੀਕਿ ਪੰਜਾਬ ਸਰਕਾਰ ਫਸਲੀ ਵਿਭਿੰਨਤਾ ਲਈ ਅਹਿਮ ਕਦਮ ਉਠਾ ਰਹੀ ਹੈ। ਸਰਕਾਰ ਨੇ ਨਰਮੇ ਦੇ ਬੀਜ ਉੱਪਰ 33 ਫੀਸਦੀ ਸਬਸਿਡੀ ਦਿੱਤੀ ਹੈ, ਜਿਸ ਤਹਿਤ ਹੁਣ ਤੱਕ ਲਗਭਗ 87 ਹਜ਼ਾਰ ਕਿਸਾਨਾਂ ਨੂੰ 17.13 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਬਾਸਮਤੀ ਚੌਲਾਂ ਹੇਠ 20 ਫੀਸਦੀ ਰਕਬਾ ਵਧਿਆ ਹੈ। ਪਰਾਲੀ ਦੀ ਸਾਂਭ ਸੰਭਾਲ ਲਈ 350 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਮੂੰਗੀ ਦੀ ਫਸਲ 'ਤੇ ਐੱਮ ਐੱਸ ਪੀ ਦੇ ਕੇ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਵੱਲ ਪ੍ਰੇਰਿਤ ਕੀਤਾ ਹੈ। ਜਥੇਦਾਰ ਖੁੱਡੀਆਂ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਪੰਜਾਬ ਸਰਕਾਰ ਫਸਲੀ ਵਿਭਿੰਨਤਾ ਨੂੰ ਉਤਸਾਹਿਤ ਕਰੇਗੀ। ਅਬੋਹਰ ਵਿਚ ਮਿਰਚ ਪ੍ਰੋਸੈਸਿੰਗ ਯੂਨਿਟ, ਹੁਸ਼ਿਆਰਪੁਰ ਵਿਚ ਆਟੋਮੇਟਿਡ ਬੇਵਰੇਜ ਯੂਨਿਟ, ਜਲੰਧਰ ਵਿਚ ਵੈਲਿਊ ਐਡਿਡ ਪ੍ਰੋਸੈਸਿੰਗ ਯੂਨਿਟ ਅਤੇ ਫਤਹਿਗੜ੍ਹ ਸਾਹਿਬ ਵਿਚ ਰੈਡੀ ਟੂ ਈਟ ਮੈਨੂਫੈਕਚਰਿੰਗ ਯੂਨਿਟ ਲਾਇਆ ਜਾਣਾ ਹੈ।


### ਆਮਦਨ ਫਸਲੀ ਵਿਭਿੰਨਤਾ 'ਚ ਅੜਿੱਕਾ

ਖੇਤੀਬਾੜੀ ਵਿਭਾਗ ਦੇ ਸੇਵਾਮੁਕਤ ਡਾਇਰੈਕਟਰ ਡਾ. ਸੁਖਦੇਵ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਪੰਜਾਬ ਦੇ ਕਿਸਾਨ ਦਾ ਫਸਲੀ ਵਿਭਿੰਨਤਾ ਵੱਲ ਨਾ ਜਾਣ ਦਾ ਕਾਰਨ ਫਸਲ ਤੋਂ ਹੋਣ ਵਾਲੀ ਆਮਦਨ ਹੈ। ਉਨ੍ਹਾਂ ਕਿਹਾ ਕਿ ਜਿੰਨੀ ਆਮਦਨ ਉਸ ਨੂੰ ਝੋਨੇ ਤੋਂ ਹੁੰਦੀ ਹੈ ਉਹ ਨਰਮੇਂ ਮੱਕੀ ਤੋਂ ਨਹੀਂ ਹੁੰਦੀ। ਪੰਜਾਬ ਵਿਚ ਮੱਕੀ ਦਾ ਸਹੀ ਭਾਅ ਨਹੀਂ ਮਿਲ ਰਿਹਾ, ਜਦੋਂ ਕਿ ਵਪਾਰੀ ਹੋਰਨਾਂ ਸੂਬਿਆਂ 'ਚੋਂ ਸਸਤੇ ਭਾਅ ਮੱਕੀ ਖਰੀਦ ਲੈਂਦੇ ਹਨ। ਫਸਲੀ ਵਿਭਿੰਨਤਾ ਦੋ ਤਰ੍ਹਾਂ ਦੀ ਹੈ, ਇਕ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੀ ਇਕ ਏਕੜ ਫਸਲ ਲਈ 60 ਲੱਖ ਲੀਟਰ ਪਾਣੀ ਦੀ ਵਰਤੋਂ ਹੁੰਦੀ ਹੈ ਜਦੋਂ ਕਿ 6 ਹਜ਼ਾਰ ਰੁਪਏ ਦੀ ਬਿਜਲੀ ਵਰਤੀ ਜਾਂਦੀ ਹੈ। ਪੰਜਾਬ ਅੰਦਰ ਫਸਲੀ ਵਿਭਿੰਨਤਾ ਨੂੰ ਲਾਗੂ ਕਰਨ ਲਈ ਸਰਕਾਰ ਖੁਦ ਤੇਲ ਬੀਜ, ਸਬਜ਼ੀਆਂ, ਸਰ੍ਹੋਂ, ਮੱਕੀ ਸਮੇਤ ਹੋਰ ਫਸਲਾਂ ਦੀ ਆਪਣੇ ਅਦਾਰਿਆਂ ਰਾਹੀਂ ਖਰੀਦ ਕਰੇ। ਝੋਨੇ ਦੀ ਇਕ ਏਕੜ ਫਸਲ 'ਤੇ ਪਾਣੀ ਤੋਂ ਬਿਨ੍ਹਾਂ ਖਰਚ ਹੋਣ ਵਾਲੇ 8500 ਰੁਪਏ ਦੀ ਥਾਂ ਮੱਕੀ ਤੇ ਹੋਰ ਫਸਲਾਂ ਬੀਜਣ ਵਾਲੇ ਕਿਸਾਨਾਂ ਨੂੰ ਕਰੀਬ 10 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ੇ ਦੇ ਰੂਪ ਵਿਚ ਦੇਵੇ ਤਾਂ ਫਸਲੀ ਵਿਭਿੰਨਤਾ ਖੁਦ ਬਾ ਖੁਦ ਲਾਗੂ ਹੋ ਜਾਵੇਗੀ। ਪੰਜਾਬ ਵਿਚ ਇਹ ਵੱਡੀ ਸਮੱਸਿਆ ਹੈ ਕਿ ਜਦੋਂ ਇਕ ਫਸਲ ਦੀ ਪੈਦਾਵਾਰ ਜ਼ਿਆਦਾ ਹੋ ਜਾਂਦੀ ਹੈ ਤਾਂ ਉਸ ਦਾ ਭਾਅ ਹੇਠਾਂ ਡਿੱਗ ਜਾਂਦਾ ਹੈ। ਕਿਸਾਨਾਂ ਨੂੰ ਵੀ ਮੁਨਾਫੇ ਦੀ ਜਗ੍ਹਾ ਇਹ ਸੋਚਣਾ ਚਾਹੀਦਾ ਹੈ ਕਿ ਉਹ ਅਗਲੀਆਂ ਪੀੜ੍ਹੀਆਂ ਦੇ ਹਿੱਸੇ ਦਾ ਪਾਣੀ ਖਤਮ ਕਰ ਰਹੇ ਹਨ। ਉਹ ਝੋਨਾ ਨਹੀਂ ਸਗੋਂ ਪਾਣੀ ਵੇਚ ਰਹੇ ਹਨ।



## ਪਾਣੀ ਦੀ ਬੱਚਤ ਤੇ ਵਧੇਰੇ ਮੁਨਾਫੇ ਲਈ

# ਕਿਸਾਨ ਬਾਸਮਤੀ ਦੀ ਕਾਸ਼ਤ ਕਰਨ



ਭਗਵਾਨ ਦਾਸ

ਇਸ ਸਾਲ ਖਰੀਫ ਦੇ ਸੀਜ਼ਨ 'ਚ ਕਿਸਾਨਾਂ ਦੀ ਵਧੇਰੇ ਰੁਚੀ ਬਾਸਮਤੀ ਕਿਸਮਾਂ ਦੀ ਕਾਸ਼ਤ ਕਰਨ ਵੱਲ ਹੈ। ਇਸ ਪਿੱਛੇ ਕਾਰਨ ਪਿਛਲੇ ਸਾਲਾਂ 'ਚ ਬਾਸਮਤੀ ਦਾ ਮੰਡੀ 'ਚ ਲਾਹੇਵੰਦ ਭਾਅ ਮਿਲਣਾ ਹੈ। ਪੀ.ਬੀ.-1121 ਕਿਸਮ ਦਾ ਭਾਅ ਤਾਂ 5000 ਰੁਪਏ ਕੁਇੰਟਲ ਤੱਕ ਚਲਾ ਗਿਆ ਸੀ। ਬਾਸਮਤੀ ਦੇ ਨਾਮਵਰ ਐਕਸਪੋਰਟਰ ਤੇ ਆਲ-ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਚੇਅਰਮੈਨ ਵਿਜੇ ਸੇਤੀਆ ਜੋ ਉਨ੍ਹਾਂ ਮੁਲਕਾਂ ਜਿਨ੍ਹਾਂ 'ਚ ਭਾਰਤ ਦੀ ਬਾਸਮਤੀ ਬਰਾਮਦ ਹੁੰਦੀ ਹੈ, ਦੀ ਹਾਲ 'ਚ ਹੀ ਫੇਰੀ ਪਾ ਕੇ ਆਏ ਹਨ, ਉਨ੍ਹਾਂ ਅਨੁਸਾਰ ਇਸ ਸਾਲ ਵੀ ਬਾਸਮਤੀ ਦੇ ਭਾਅ ਪਿਛਲੇ ਸਾਲ ਤੋਂ ਬਿਹਤਰ ਨਹੀਂ ਤਾਂ ਬਰਾਬਰ ਰਹਿਣ ਦੀ ਸੰਭਾਵਨਾ ਹੈ। ਪੱਛਮੀ ਏਸ਼ੀਆ ਮੱਧ ਪੂਰਬ ਦੇ ਮੁਲਕਾਂ 'ਚ ਭਾਰਤ ਦੀ ਬਾਸਮਤੀ ਦੀ ਮੰਗ ਵਧ ਰਹੀ ਹੈ। ਇਨ੍ਹਾਂ ਤੋਂ ਇਲਾਵਾ ਖਾੜੀ ਦੇ ਮੁਲਕਾਂ 'ਚ ਵੀ ਭਾਰਤ ਦੀ ਬਾਸਮਤੀ ਵੱਡੀ ਮਾਤਰਾ 'ਚ ਬਰਾਮਦ ਹੁੰਦੀ ਹੈ। ਪਿਛਲੇ ਸਾਲ (ਸਾਲ 2023-24) 'ਚ ਜਨਵਰੀ ਤੱਕ 41.05 ਲੱਖ ਟਨ ਬਾਸਮਤੀ ਦੀ ਬਰਾਮਦ ਹੋਈ, ਜਦੋਂ ਕਿ ਸਾਲ 2022-23 'ਚ ਇਸ ਸਮੇਂ ਦੌਰਾਨ 36.56 ਲੱਖ ਟਨ ਬਾਸਮਤੀ ਭਾਰਤ ਤੋਂ ਵਿਦੇਸ਼ਾਂ ਨੂੰ ਭੇਜੀ ਗਈ ਸੀ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਨੁਸਾਰ ਵਿਭਾਗ ਵੱਲੋਂ ਇਸ ਸਾਲ ਵਧਾ ਕੇ 8 ਲੱਖ ਹੈਕਟੇਅਰ ਰਕਬੇ ਤੱਕ ਲੈ ਜਾਣ ਦਾ ਉਪਰਾਲਾ ਕੀਤਾ ਜਾਵੇਗਾ। ਇਸ ਨਾਲ ਪੰਜਾਬ 'ਚ ਫਸਲੀ-ਵਿਭਿੰਨਤਾ ਦੀ ਪ੍ਰਾਪਤੀ ਹੋਵੇਗੀ, ਜੋ ਪਿਛਲੇ 25 ਸਾਲ ਦੌਰਾਨ ਸਾਰੇ ਉਪਰਾਲੇ ਕਰਨ ਦੇ ਬਾਵਜੂਦ ਵੀ ਨਹੀਂ ਹੋਈ।

ਕਿਸਾਨਾਂ ਵਲੋਂ ਕੀਤੀ ਜਾ ਰਹੀ ਬੀਜ ਦੀ ਖਰੀਦ ਤੇ ਮੰਗ ਤੋਂ ਪ੍ਰਤੱਖ ਹੈ ਕਿ ਉਹ ਆਈ.ਸੀ.ਏ.ਆਰ-ਭਾਰਤੀ ਖੇਤ ਖੋਜ ਸੰਸਥਾਨ (ਪੂਸਾ) ਵਲੋਂ ਵਿਕਸਿਤ ਕੀਤੀਆਂ ਗਈਆਂ ਬਾਸਮਤੀ ਦੀਆਂ ਨਵੀਆਂ ਕਿਸਮਾਂ ਜਿਵੇਂ ਪੂਸਾ ਬਾਸਮਤੀ-1885 (ਪੀ. ਬੀ.-1121 ਦਾ ਸੋਧਿਆ ਰੂਪ), ਪੂਸਾ ਬਾਸਮਤੀ-1886 (ਪੀ. ਬੀ.-6 ਦਾ ਬਦਲ) ਅਤੇ ਪੂਸਾ ਬਾਸਮਤੀ-1847 ਬਾਸਮਤੀ ਕੇਵਲ ਜੀ. ਆਈ. ਜ਼ੋਨ ਦੇ ਸੱਤ ਰਾਜਾਂ ਜਿਨ੍ਹਾਂ 'ਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ, ਉੱਤਰਾਖੰਡ, ਉੱਤਰ ਪ੍ਰਦੇਸ਼ (ਪੱਛਮੀ) ਅਤੇ ਜੰਮੂ-ਕਸ਼ਮੀਰ ਦੇ ਕੁਝ ਜ਼ਿਲ੍ਹੇ ਸ਼ਾਮਿਲ ਹਨ, 'ਚ ਕਾਸ਼ਤ ਕੀਤੀ ਜਾਂਦੀ ਹੈ। ਬਾਸਮਤੀ ਦੀ ਬਰਾਮਦ ਇਸ ਸਾਲ (ਸਾਲ 2024-25) 'ਚ 50 ਲੱਖ ਟਨ ਤੱਕ ਕੀਤੇ ਜਾਣ ਦਾ ਅਨੁਮਾਨ ਹੈ। ਇਸ ਦੀ ਕੀਮਤ ਤਕਰੀਬਨ 46 ਕਰੋੜ ਰੁਪਏ ਤੋਂ ਵੀ ਵੱਧ ਬੈਠਦੀ ਹੈ। ਇਹ ਮਿਕਦਾਰ ਪਿਛਲੇ ਸਭ ਸਾਲਾਂ ਨਾਲੋਂ ਜ਼ਿਆਦਾ ਹੈ। ਭਾਰਤ ਤੋਂ ਚੌਲਾਂ ਦੀ ਬਰਾਮਦ ਘਟ ਰਹੀ ਹੈ ਅਤੇ ਬਾਸਮਤੀ ਦੀ ਵਧ ਰਹੀ ਹੈ। ਭਾਵੇਂ ਭਾਰਤ ਚੌਲਾਂ ਦਾ ਵਿਸ਼ਵ 'ਚ ਦੂਜਾ ਵੱਡਾ ਉਤਪਾਦਕ ਹੈ। ਗੈਰ-ਬਾਸਮਤੀ ਚੌਲਾਂ ਦੀ ਬਰਾਮਦ ਘਟਣ ਕਾਰਨ ਇਨ੍ਹਾਂ ਦੀ ਬਰਾਮਦ 'ਤੇ ਭਾਰਤ ਸਰਕਾਰ ਵਲੋਂ ਲਾਈਆਂ ਗਈਆਂ ਪਾਬੰਦੀਆਂ ਹਨ। ਇਸ ਸਾਲ ਵਿਦੇਸ਼ੀ ਮੁਦਰਾ ਕਮਾਉਣ ਦਾ ਵੀ ਬਾਸਮਤੀ ਰਾਹੀਂ ਰੌਸ਼ਨ ਭਵਿੱਖ ਹੈ। ਬਾਸਮਤੀ ਕੇਵਲ ਭਾਰਤ ਤੇ ਪਾਕਿਸਤਾਨ 'ਚ ਪੈਦਾ ਕੀਤੀ ਜਾਂਦੀ ਹੈ। ਭਾਵੇਂ ਪਾਕਿਸਤਾਨ ਤੋਂ ਬਰਾਮਦ ਕੀਤੀ ਜਾ ਰਹੀ ਬਾਸਮਤੀ ਭਾਰਤ ਦੀ ਬਰਾਮਦ ਦੇ ਮੁਕਾਬਲੇ ਬੜੀ ਘੱਟ ਹੈ, ਪ੍ਰੰਤੂ ਪਾਕਿਸਤਾਨ ਭਾਰਤ ਦੇ ਮੁਕਾਬਲੇ 'ਚ ਖੜ੍ਹਾ ਤਾਂ ਹੁੰਦਾ ਹੈ। ਪਾਕਿਸਤਾਨ ਨੇ ਆਈ. ਏ. ਆਰ. ਆਈ. ਵਲੋਂ ਵਿਕਸਿਤ ਵਧੇਰੇ ਝਾੜ ਦੇਣ ਵਾਲੀਆਂ ਬਾਸਮਤੀ ਦੀਆਂ ਕਿਸਮਾਂ ਗੈਰ-ਕਾਨੂੰਨੀ ਤੌਰ 'ਤੇ ਅਪਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪੂਸਾ ਬਾਸਮਤੀ-1121 ਕਿਸਮ ਜੋ ਭਾਰਤ 'ਚ ਸਭ ਤੋਂ ਵੱਧ ਰਕਬੇ 'ਤੇ ਬੀਜੀ ਜਾਂਦੀ ਹੈ ਅਤੇ ਸਭ ਤੋਂ ਵੱਧ ਮਿਕਦਾਰ 'ਚ ਬਰਾਮਦ ਕੀਤੀ ਜਾਂਦੀ ਹੈ, ਇੱਥੇ ਸਾਲ 2003 'ਚ ਰਿਲੀਜ਼ ਹੋਈ ਅਤੇ ਪਾਕਿਸਤਾਨ 'ਤਾਇਨਾਤ 1121 ਬਾਸਮਤੀ' ਦੇ ਲੇਬਲ ਹੇਠ ਇਸ ਨੂੰ ਸਾਲ 2013 ਤੋਂ ਵੇਚਣਾ ਸ਼ੁਰੂ ਕੀਤਾ ਹੈ। ਹੁਣ ਪਾਕਿਸਤਾਨ 'ਚ ਨਵੀਆਂ ਕਿਸਮਾਂ ਪੀ. ਬੀ.-1847, ਪੀ. ਬੀ.-1885, ਪੀ. ਬੀ.-1886 ਆਦਿ ਵੀ ਚਰਚਾ 'ਚ ਹੋਣ ਦੀਆਂ ਰਿਪੋਰਟਾਂ ਹਨ। ਪੂਸਾ ਬਾਸਮਤੀ ਦੇ ਲੇਬਲ ਹੇਠ ਰਿਲੀਜ਼ ਕੀਤੀਆਂ ਗਈਆਂ ਬਾਸਮਤੀ ਦੀਆਂ ਕਿਸਮਾਂ ਕੇਵਲ ਭਾਰਤ ਦੇ ਸੱਤ ਜੀ. ਆਈ. ਜ਼ੋਨ ਦੇ ਰਾਜਾਂ 'ਚ ਹੀ ਕਾਸ਼ਤ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਕਿਸਮਾਂ 'ਚੋਂ ਪਾਕਿਸਤਾਨ 'ਚ ਕਾਸ਼ਤ ਕੀਤੀਆਂ ਜਾ ਰਹੀਆਂ ਕਿਸਮਾਂ ਜਿਵੇਂ ਪੀ.ਬੀ.-1121, ਉੱਥੇ ਗੈਰ ਕਾਨੂੰਨੀ ਅਪਣਾਈਆਂ ਹੋਈਆਂ ਹਨ। ਆਈ.ਏ.ਆਰ.ਆਈ. (ਪੂਸਾ) ਦੀਆਂ ਇਨ੍ਹਾਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਜਿਵੇਂ ਤਰੋੜੀ ਬਾਸਮਤੀ, ਦਹਿਰਾਦੂਨੀ, ਸੀ. ਐਸ. ਆਰ.-30 ਅਤੇ ਬਾਸਮਤੀ-370 ਆਦਿ ਨੂੰ ਲਗਭਗ ਕਾਸ਼ਤ ਤੋਂ ਬਾਹਰ ਕੱਢ ਦਿੱਤਾ ਹੈ, ਕਿਉਂਕਿ ਇਨ੍ਹਾਂ ਕਿਸਮਾਂ ਦਾ ਪ੍ਰਤੀ ਏਕੜ ਝਾੜ ਕੇਵਲ 9-10 ਕੁਇੰਟਲ ਸੀ, ਜਦੋਂ ਕਿ ਆਈ.ਏ.ਆਰ.ਆਈ. (ਪੂਸਾ) ਵੱਲੋਂ ਵਿਕਸਿਤ ਕੀਤੀਆਂ ਨਵੀਆਂ ਕਿਸਮਾਂ 25 ਕੁਇੰਟਲ ਪ੍ਰਤੀ ਏਕੜ ਤੱਕ ਕਿਸਾਨਾਂ ਦੇ ਫਾਰਮਾਂ 'ਤੇ ਝਾੜ ਦੇ ਰਹੀਆਂ ਹਨ। ਪਾਕਿਸਤਾਨ ਭਾਰਤ ਦਾ ਬਾਸਮਤੀ ਦੀ ਬਰਾਮਦ ਪੱਖੋਂ ਯੂਰਪੀਅਨ ਅਤੇ ਯੂਨਾਈਟਿਡ ਕਿੰਗਡਮ ਆਦਿ ਮੁਲਕਾਂ 'ਚ ਮੁਕਾਬਲਾ ਕਰਦਾ ਹੈ ਪ੍ਰੰਤੂ ਮੱਧ ਪੂਰਬ, ਖਾੜੀ ਦੇ ਮੁਲਕਾਂ 'ਚ ਪਾਕਿਸਤਾਨ ਦੀ ਬਾਸਮਤੀ ਕੋਈ ਖਾਸ ਬਰਾਮਦ ਨਹੀਂ ਹੋ ਰਹੀ। ਇਨ੍ਹਾਂ ਪੱਛਮੀ ਏਸ਼ੀਆ, ਖਾੜੀ ਦੇ ਮੁਲਕਾਂ 'ਚ ਪਾਲਬੁਆਇਲਡ ਬਾਸਮਤੀ ਦੇ ਚੌਲ ਜਾਂਦੇ ਹਨ ਅਤੇ ਪਾਕਿਸਤਾਨ ਕੋਲ ਇਹ ਪਾਲਬੁਆਇਲਡ ਤਕਨਾਲੋਜੀ ਨਹੀਂ ਹੈ। ਜੇ ਭਵਿੱਖ 'ਚ ਪਾਕਿਸਤਾਨ ਨੇ ਇਹ ਤਕਨਾਲੋਜੀ ਦਰਾਮਦ ਕਰਕੇ ਅਪਣਾ ਲਈ ਤਾਂ ਇਨ੍ਹਾਂ ਮੁਲਕਾਂ 'ਚ ਵੀ ਪਾਕਿਸਤਾਨ ਭਾਰਤ ਦੀ ਬਾਸਮਤੀ ਦੀ ਬਰਾਮਦ ਪੱਖੋਂ ਮੁਕਾਬਲੇ ਵਿਚ ਆ ਜਾਏਗਾ। ਪਾਕਿਸਤਾਨ ਵਿਚ ਵੱਡੇ-ਵੱਡੇ ਫਾਰਮ ਹਨ, ਜਿੱਥੇ ਬਾਸਮਤੀ ਪੈਦਾ ਕੀਤੀ ਜਾਂਦੀ ਹੈ ਅਤੇ ਮੁਕਾਲਬਤਨ ਜ਼ਹਿਰਾਂ ਤੋਂ ਮੁਕਤ ਹੁੰਦੀ ਹੈ। ਇਸੇ ਲਈ ਯੂਰਪੀਅਨ ਯੂਨੀਅਨ ਅਤੇ ਯੂਨਾਈਟਿਡ ਕਿੰਗਡਮ ਆਦਿ ਜਿੱਥੇ ਜ਼ਹਿਰਾਂ ਦੇ ਇਸਤੇਮਾਲ ਸੰਬੰਧੀ ਬਾਰੀਕੀ ਨਾਲ ਪਰਖ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਵਲੋਂ ਦਰਾਮਦ ਲਈ ਅਜਿਹੀ ਬਾਸਮਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ, ਜਿਸ ਵਿਚ ਜ਼ਹਿਰਾਂ ਦਾ ਇਸਤੇਮਾਲ ਐਵੇਂ ਨਾ-ਮਾਤਰ ਹੀ ਹੋਇਆ ਹੋਵੇ। ਉੱਥੇ ਦੇ ਖਪਤਕਾਰ ਪਾਕਿਸਤਾਨ ਦੀ ਬਾਸਮਤੀ ਇਸਤੇਮਾਲ ਕਰਨ ਨੂੰ ਤਰਜੀਹ ਦਿੰਦੇ ਹਨ। ਭਾਰਤ 'ਚ ਸਰਕਾਰਾਂ ਵਲੋਂ ਜ਼ਹਿਰਾਂ ਦਾ ਇਸਤੇਮਾਲ ਬੜੇ ਇਹਤਿਆਤ ਨਾਲ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਬਰਾਮਦ ਕੀਤੀ ਹੋਈ ਬਾਸਮਤੀ ਪਿਛਲੇ ਸਾਲਾਂ ਵਾਂਗ (ਜਦੋਂ ਭੇਜੀ ਗਈ ਬਾਸਮਤੀ ਦਰਾਮਦ ਕਰ ਰਹੇ ਮੁਲਕਾਂ ਵਲੋਂ ਵਾਪਸ ਪਰ ਦਿੱਤੀ ਗਈ ਸੀ) ਵਾਪਸ ਨਾ ਆਏ। ਪੰਜਾਬ ਭਾਰਤ 'ਚ ਬਾਸਮਤੀ ਦਾ ਸਭ ਤੋਂ ਵੱਡਾ ਉਤਪਾਦਕ ਹੈ। ਐਗਰੀਕਲਚਰ ਐਂਡ ਪ੍ਰੋਸੈੱਸਡ ਫੂਡ ਪ੍ਰੋਡਕਟਸ ਐਕਸਪੋਰਟ ਡਿਵੈੱਲਪਮੈਂਟ ਅਥਾਰਿਟੀ (ਅਪੀਡਾ) ਅਨੁਸਾਰ ਤਕਰੀਬਨ 21 ਲੱਖ ਹੈਕਟੇਅਰ ਰਕਬੇ 'ਤੇ ਬਾਸਮਤੀ ਦੀ ਕਾਸ਼ਤ ਕੀਤੀ ਜਾਂਦੀ ਹੈ, ਜਿਸ 'ਚੋਂ ਸਭ ਰਾਜਾਂ ਨਾਲੋਂ ਵੱਧ ਰਕਬਾ ਪੰਜਾਬ 'ਚ ਹੈ ਅਤੇ ਲਗਭਗ ਬਰਾਮਦ 'ਚ ਪੰਜਾਬ ਦਾ 40 ਪ੍ਰਤੀਸ਼ਤ ਯੋਗਦਾਨ ਹੈ। ਪਿਛਲੇ ਸਾਲ 18.36 ਲੱਖ ਟਨ ਬਾਸਮਤੀ ਪੰਜਾਬ ਦੀਆਂ ਮੰਡੀਆਂ 'ਚ ਵਿਕਣ ਲਈ ਆਈ।



ਪੰਜਾਬ ਦੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜ਼ਹਿਰਾਂ ਨੂੰ ਪੂਰੇ ਧਿਆਨ ਨਾਲ ਘੱਟੋ-ਘੱਟ ਵਰਤਣ ਤਾਂ ਕਿ ਉਹ ਸਫਲਤਾ ਨਾਲ ਬਰਾਮਦ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਲਾਹੇਵੰਦ ਭਾਅ ਮਿਲੇ।

# ਕੇਂਦਰ ਨੇ ਯੂ.ਪੀ., ਰਾਜਸਥਾਨ ਤੇ ਬਿਹਾਰ 'ਚੋਂ 7 ਗੁਣਾ ਵਧੇਰੇ ਕਣਕ ਖਰੀਦਣ ਦਾ ਰੱਖਿਆ ਟੀਚਾ

ਲੋਕ ਸਭਾ ਚੋਣਾਂ ਦੇ ਵਿਚਕਾਰ ਕੇਂਦਰ ਸਰਕਾਰ ਨੇ ਉੱਤਰ ਪ੍ਰਦੇਸ਼, ਰਾਜਸਥਾਨ ਤੇ ਬਿਹਾਰ ਵਰਗੇ ਗੈਰ-ਰਵਾਇਤੀ ਸੂਬਿਆਂ 'ਚ ਕਣਕ ਦੀ ਖਰੀਦ 'ਚ ਵੱਡਾ ਵਾਧਾ ਕਰਕੇ ਮੌਜੂਦਾ ਮੰਡੀਕਰਨ ਸਾਲ 2024-25 'ਚ ਕਣਕ ਦੀ ਖਰੀਦ 7 ਗੁਣਾ ਵਧਾ ਕੇ 50 ਲੱਖ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ। ਇਨ੍ਹਾਂ 3 ਸੂਬਿਆਂ ਨੇ 2023-24 ਦੇ ਮਾਰਕੀਟਿੰਗ ਸਾਲ (ਅਪ੍ਰੈਲ-ਮਾਰਚ) ਦੌਰਾਨ ਕੇਂਦਰੀ ਪੂਲ 'ਚ ਸਿਰਫ 6.7 ਲੱਖ ਟਨ ਦਾ ਯੋਗਦਾਨ ਪਾਇਆ ਸੀ। ਕੇਂਦਰੀ ਖੁਰਾਕ ਮੰਤਰਾਲੇ ਵਲੋਂ 2024-25 ਲਈ ਕੁੱਲ 310 ਲੱਖ ਟਨ ਕਣਕ ਖਰੀਦ ਦਾ ਟੀਚਾ ਰੱਖਿਆ ਹੈ। ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਤੇ ਕਣਕ ਦੀ ਖਰੀਦ ਆਮ ਕਰਕੇ ਕੇਂਦਰ ਦੀ ਨੋਡਲ ਏਜੰਸੀ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਤੇ ਸੂਬਾ ਏਜੰਸੀਆਂ ਦੁਆਰਾ ਕੀਤੀ ਜਾਂਦੀ ਹੈ। ਚਾਲੂ ਸਾਲ ਲਈ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2,275 ਰੁਪਏ ਪ੍ਰਤੀ ਬਹੁਤ ਘੱਟ ਯੋਗਦਾਨ ਪਾ ਰਹੇ ਹਨ। ਅਸੀਂ ਇਸ ਸਾਲ ਕੇਂਦਰੀ ਪੂਲ ਲਈ ਕੁੱਲ 310 ਲੱਖ ਟਨ ਕਣਕ ਦੀ ਖਰੀਦ ਕਰਨ ਦਾ ਟੀਚਾ ਰੱਖਿਆ ਹੈ, ਜਿਸ 'ਚੋਂ ਇਨ੍ਹਾਂ 3 ਸੂਬਿਆਂ ਤੋਂ ਘੱਟੋ-ਘੱਟ 50 ਲੱਖ ਟਨ ਦੀ ਖਰੀਦ ਕੀਤੀ ਜਾਵੇਗੀ।



ਉਨ੍ਹਾਂ ਦੱਸਆ ਕਿ ਤਿੰਨਾਂ ਸੂਬਿਆਂ 'ਚ ਕਣਕ ਦੀ ਖਰੀਦ ਦੇ ਪੱਧਰ ਨੂੰ ਵਧਾਉਣ ਲਈ ਕਮੀਆਂ ਨੂੰ ਦੂਰ ਕਰਨ ਲਈ ਕਈ ਕਦਮ ਚੁੱਕੇ ਗਏ ਹਨ ਤੇ 2024 ਦੀਆਂ ਆਮ ਚੋਣਾ ਕਰਕੇ ਕਣਕ ਦੀ ਖਰੀਤ ਕਾਰਜਾਂ ਦੇ ਪ੍ਰਭਾਵਿਤ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਗੈਰ ਰਵਾਇਤੀ ਸੂਬਿਆਂ ਤੋਂ ਕਣਕ ਦੀ ਖਰੀਦ ਵਾਧਾ ਹੋਣ ਨਾਲ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਤੇ ਹੋਰ ਭਲਾਈ ਸਕੀਮਾਂ ਤਹਿਤ ਕਣਕ ਦੀ ਵੰਡ ਬਹਾਲ ਕਰਨ 'ਚ ਮਦਦ ਮਿਲੇਗੀ। ਇਸ 'ਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਰਕਾਰ ਨੇ 48 ਘੰਟਿਆਂ ਦੇ ਅੰਦਰ-ਅੰਦਰ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ ਦਾ ਤਬਾਦਲਾ ਯਕੀਨੀ ਬਣਾਉਣ, ਕਿਸਾਨਾਂ ਦੇ ਬੈਂਕ ਖਾਤਿਆਂ ਨਾਲ ਆਧਾਰ ਏਕੀਕਰਣ ਵਰਗੇ ਬੈਂਕਿੰਗ ਨਾਲ ਸਬੰਧਤ ਮੁੱਦਿਆਂ ਨੂੰ ਸੁਚਾਰੂ ਬਣਾਉਣ ਲਈ ਕਦਮ ਚੁੱਕਣ ਦਾ ਫੈਸਲਾ ਕੀਤਾ ਹੈ। ਮੰਤਰਾਲੇ ਅਨੁਸਾਰ ਹੁਣ ਤੱਕ ਦੇਸ਼ 'ਚ ਉੱਤਰ ਪ੍ਰਦੇਸ਼, ਰਾਜਸਥਾਨ ਤੇ ਬਿਹਾਰ ਤੋਂ 6 ਲੱਖ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ, ਜਦਕਿ ਪੰਜਾਬ ਤੇ ਹਰਿਆਣਾ ਜਲਦੀ ਸ਼ੁਰੂ ਹੋ ਜਾਵੇਗੀ।

# ਸਾਡੇ ਵੱਡੇ ਬਜ਼ੁਰਗ ਦਾ ਪੰਛੀਆਂ ਨਾਲ ਕੀ ਮੋਹ ਸੀ



ਧਰਤੀ ਨੂੰ ਧਰਤੀ ਮਾਂ ਕਿਹਾ ਜਾਂਦਾ ਇਸ ਤੋਂ ਜੋ ਪੈਦਾ ਹੁੰਦਾ ਹੈ ਉਹ ਸਾਰੀ ਉਪਜ ਕਾਇਨਾਤ ਦੀ ਸਾਂਝੀ ਗਿਣੀ ਜਾਂਦੀ ਹੈ । ਸਾਰੇ ਪਿਓ ਦਾਦੇ ਸੱਚੀ ਕਿਰਤ ਕਰਨ ਵਿਚ ਯਕੀਨ ਰੱਖਦੇ ਸਨ ਅਤੇ ਬਾਬੇ ਨਾਨਕ ਦੇ ਅਸੂਲਾਂ ਨੂੰ ਮੰਨਕੇ ਕਿਰਤ ਕਰਨੀ, ਵੰਡ ਖਾਣਾ, ਸੱਚ ਨੂੰ ਜਪਣਾ ਦਾ ਪ੍ਰਯੋਗ ਕਰਦੇ ਸਨ । ਸਾਡੇ ਵੱਡੇ ਵਡੇਰੇ ਨਸੀਹਤ ਕਰਦੇ ਸਨ ਕਿ ਪੁੰਨ ਦਾਨ ਕਰੋ ਜਾਂ ਨਾ, ਪਰ ਰਾਹੀ ਪਾਂਧੀ ਮੰਗਦੇ, ਗੁਰਬਤ ਵਿਚ ਜੀਅ ਰਹੇ ਗਰੀਬੜੇ ਲੋਕ, ਪਸ਼ੂ ਪੰਛੀ ਭੁੱਖ ਵਿਚ ਹੋਵੇ, ਉਸਦੀ ਭੁੱਖ ਮਿਟਾਉਣ ਉਸ ਲੋੜਵੰਦ ਨੂੰ ਉਸਦੀ ਲੋੜ ਪੂਰੀ ਹੋਵੇ ਇਸ ਦੇ ਬਰਾਬਰ ਦਾ ਕੋਈ ਕਾਰਜ ਨਹੀਂ । ਉਹ ਕਹਿੰਦੇ ਸਨ ਕਿ ਭਾਵੇਂ ਕੋਈ ਬਚੇ ਨਾ ਬਚੇ ਭਾਵੇਂ ਭੋਰਾ ਵੀ ਨਾ ਬਚੇ, ਬਾਬਿਆਂ ਨੂੰ ਪੰਛੀਆਂ ਦਾ ਨਾਲ ਕਿੰਨਾ ਪਿਆਰ ਸੀ । ਉਹ ਮੌਸਮ ਨਾ ਠੀਕ ਹੋਣ ਤੇ ਉਹ ਪੰਛੀਆਂ ਦਾ ਧਿਆਨ ਰੱਖਦੇ ਸਨ । ਉਹਨਾਂ ਨੂੰ ਰੋਜ਼ ਚੋਗਾ ਪਾਉਂਦੇ ਸਨ । ਉਹਨਾਂ ਦੀ ਰੱਖਿਆ ਵਿਚ ਸਦਾ ਯਤਨਸ਼ੀਲ ਰਹਿੰਦੇ ਸਨ ਅਤੇ ਬਜ਼ੁਰਗ ਦੂਜਿਆਂ ਨੂੰ ਵੀ ਸੁਝਾਅ ਵੀ ਸਾਂਝੇ ਕਰਦੇ ਹਨ ।

ਉਹ ਸਾਡੇ ਪਿਓ ਦਾਦੇ, ਵੱਡੇ ਵਡੇਰੇ ਬਜ਼ੁਰਗ ਪੰਛੀਆਂ ਨੂੰ ਕੋਠਿਆਂ ਉੱਪਰ ਚੋਗਾ ਪਾਉਂਦੇ ਸਨ ਜਾਂ ਬਾਜਰੇ ਦੀ ਮੁੱਠ ਭਰ ਸਵੇਰ ਖਿਲਾਰ ਦੇਂਦੇ ਸਨ । ਕਈ ਵਾਰ ਬਾਬੇ ਮੌਸਮ ਬਾਰੇ ਅਨੁਮਾਨ ਪੱਕਾ ਤੇ ਸਚਾ ਲਾਉਂਦੇ ਸਨ ਕਈ ਕਹਿ ਦੇਂਦੇ ਮੀਂਹ ਪਵੇਗਾ, ਸਵੇਰ ਦੇ ਸਮੇਂ ਮੀਂਹ ਛਹਿਬਰ ਲਾ ਦਿੰਦਾ ਅਤੇ ਬਦਲ ਗੱਜਣ ਲੱਗਦਾ ਸੀ । ਘੁੱਗੀ ਤੇ ਕਬੂਤਰ ਬੜੇ ਅਣਭੋਲ ਜਾਨਵਰ ਘੁੱਗੀ ਜਾਨਵਰ ਇਕ ਸ਼ਾਂਤੀ ਦਾ ਮਸੀਹਾ ਜਾਨਵਰ ਪੰਛੀ ਹੈ । ਇਸਨੂੰ ਮਾਰਨਾ ਔਖਾ ਨਹੀਂ ਹੈ । ਜੇ ਕੋਈ ਵੱਡਾ ਕੰਮ ਛੁੱਟਕੀ ਨਾਲ ਹੋ ਜਾਵੇ ਤਾਂ ਅੱਗੇ ਇਕ ਅਖਾਣ ਬੋਲਿਆ ਜਾਂਦਾ ਸੀ ''ਤੂੰ ਤਾਂ ਛਿੱਤਰ ਨਾਲ ਘੁੱਗੀ ਕੁੱਟ ਲਈ'', ਘੁੱਗੀ ਅਜਿਹਾ ਜਾਨਵਰ ਹੈ ਜੋ ਕਿਸੇ ਨਾਲ ਲੜਾਈ ਨਹੀਂ ਕਰਦਾ ਸਿਰਫ ਇਹ ਕਾਂ ਨਾਲ ਝਗੜਾ ਕਰਦੀ ਹੈ ਕਿਉਂਕਿ ਕਾਂ ਘੁੱਗੀ ਦੇ ਅੰਡੇ ਪੀ ਜਾਂਦਾ ਹੈ ਤਾਂ ਉਹ ਖੰਭ ਖਿਲਾਰ ਉਸ ਦੇ ਮਗਰ ਪੈ ਜਾਂਦੀ ਹੈ । ਇਹ ਪੰਛੀ ਤਕਰੀਬਨ ਝਗੜੇ ਵਾਲੀ ਥਾਂ ਤੋਂ ਦੂਰ ਰਹਿੰਦੀ ਹੈ । ਬਜ਼ੁਰਗ ਦੱਸਿਆ ਕਰਦੇ ਸਨ ਕਿ ਘੁੱਗੀ ਆਲਣਾ ਨਹੀਂ ਬਣਾਉਣਾ ਜਾਣਦੀ, ਕਿਸੇ ਟਾਹਲੀ ਤੇ ਡੱਕੇ ਰੱਖ ਕੇ ਉੱਥੇ ਅੰਡੇ ਰੱਖ ਲੈਂਦੀ ਹੈ । ਇਹ ਇਕ ਸ਼ਰੀਫ ਪੰਛੀ ਹੈ ਕਾ ਇਸ ਦਾ ਦੁਸ਼ਮਣ ਹੈ । ਕਬੂਤਰ ਵੀ ਇਕ ਭੋਲਾ ਪੰਛੀ ਹੈ । ਬਿੱਲੀ ਇਸਨੂੰ ਆਪਣਾ ਸ਼ਿਕਾਰ ਬਣਾ ਲੈਂਦੀ ਹੈ । ਇਹ ਜਾਨਵਰ ਬਿੱਲੀ ਵੇਖ ਕੇ ਅੱਖਾਂ ਮੀਟ ਲੈਂਦਾ ਹੈ । ਕਬੂਤਰ ਝੁੰਡ ਦੇ ਰੂਪ ਵਿਚ ਸਦਾ ਇਕੱਲਾ ਸੁੰਨੀਆਂ ਥਾਵਾਂ ਤੇ ਰਹਿ ਕੇ ਖੁਸ਼ ਰਹਿੰਦਾ ਹੈ ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਚਿੜੀਆਂ ਮਨੁੱਖ ਨਾਲ ਸਾਂਝ ਰੱਖਦੀਆਂ ਹਨ । ਇਹ ਆਮ ਘਰਾਂ ਵਿਚ ਰੈਣ ਬਸੇਰਾ ਬਣਾਉਂਦੀਆਂ ਹਨ । ਕੁੜੀਆਂ ਤੇ ਚਿੜੀਆਂ ਨੂੰ ਬਰਾਬਰ ਦਾ ਮੇਲ ਰੂਪੀ ਗਿਣਿਆ ਜਾਂਦਾ ਸੀ । ਬਜ਼ੁਰਗ ਦੱਸਦੇ ਸਨ ਕਿ ਕੱਚੇ ਘਰਾਂ ਦੀਆਂ ਛੱਤਾਂ, ਬਾਲਿਆਂ ਵਿਚ ਖਾਲੀ ਥਾਵਾਂ ਤੇ ਸ਼ਤੀਰੀਆਂ ਦੀਆਂ ਵਿੱਥਾਂ ਵਿਚ ਆਪਣਾ ਘਰ ਬਣਾ ਲੈਂਦੀਆਂ ਸਨ ਅਤੇ ਇਹਨਾਂ ਪੰਛੀਆਂ ਦਾ ਚਿੜਚੋਹਲ ਪਿਆ ਰਹਿੰਦਾ ਸੀ । ਗਰਮੀ ਵਿਚ ਬਜ਼ੁਰਗ ਬਾਬੇ ਚੱਪਲਾਂ ਵਿਚ ਧਰ ਦਿੰਦੇ ਸਨ ਅਤੇ ਬੇਫਿਕਰ ਹੋ ਕੇ ਪੰਛੀ ਪਿਆਸ ਬੁਝਾ ਲੈਂਦੇ ਸਨ । ਕਈ ਵਾਰ ਆਲ੍ਹਣਿਆਂ ਵਿਚ ਬੱਚੇ ਹੇਠਾਂ ਡਿੱਗ ਪੈਂਦੇ ਸਨ ਤਾਂ ਬਾਬੇ ਉਹਨਾਂ ਨੂੰ ਚੁਕ ਕੇ ਆਲ੍ਹਣੇ ਵਿਚ ਰੱਖਣ ਦੀ ਕੋਸ਼ਿਸ਼ ਕਰਦੇ ਸਨ । ਪਰ ਸਫਲ ਘਟ ਹੀ ਹੁੰਦੇ ।

ਬਾਹਰਲੇ ਵਾੜੇ ਵਿਚ ਪੰਛੀਆਂ ਦੀ ਆਵਾਜਾਈ ਆਮ ਹੁੰਦੀ ਸੀ । ਆਮ ਗੁਟਾਰਾਂ ਹੁੰਦੀਆਂ ਸਨ । ਪਸ਼ੂਆਂ ਦੀਆਂ ਖੁਰਲੀਆਂ ਵਿਚ ਵੰਡ ਵੰਡੇਵੇਂ ਪਾਏ ਵਿਚੋਂ ਰਹਿੰਦ ਖੂੰਹਦ ਚੁੱਗਦੀਆਂ ਸਨ ਤੇ ਉਹ ਛੇਤੀ ਛੇਤੀ ਚੱਟ ਕਰ ਜਾਂਦੀਆਂ ਸਨ ਅਤੇ ਬਾਬੇ ਉਹਨਾਂ ਨੂੰ ਪਤਲੀ ਜਿਹੀ ਛਿੱਟੀ ਨਾਲ ਉਡਾ ਦੇਂਦੇ ਸਨ । ਜਾਂ ਲਲਕਾਰਾ ਜਿਹਾ ਮਾਰ ਦੇਂਦੇ ਸਨ । ਪਰ ਉਹਨਾਂ ਵੱਡਿਆਂ ਬਜ਼ੁਰਗਾਂ ਨੂੰ ਕੀ ਪਤਾ ਸੀ ਅਸੀਂ ਪੰਛੀਆਂ ਦੀ ਰਾਖੀ ਕਰਦੇ ਰਹੇ । ਪਰ ਨਵੀਂ ਪੀੜ੍ਹੀ ਨੂੰ ਜਾਗਰੂਪ ਕਰਦੇ ਰਹੇ । ਉਹ ਹੀ ਮਨੁੱਖ ਕਰੋਪੀ ਦਾ ਸ਼ਿਕਾਰ ਹੋਣਗੇ । ਕਈ ਤਾਂ ਜਾਤੀਆਂ ਖਤਮ ਹੋ ਗਈਆਂ ਬਾਕੀ ਖਤਮ ਹੋਣ ਤੇ ਕਿਨਾਰੇ ਤੇ ਹੈ । ਪੰਛੀਆਂ ਕਰਕੇ ਹੀ ਦੁਨੀਆਂ ਵਿਚ ਰੌਣਕ ਦਾ ਮੇਲਾ ਹੈ । ਜੇ ਪੰਛੀ ਸੁਰੱਖਿਅਤ ਹਨ ਤਾਂ ਮਨੁੱਖੀ ਜੀਵਨ ਸੁਰੱਖਿਅਤ ਹੈ । ਪੰਛੀਆਂ ਦੇ ਖਾਤਮੇ ਨਾਲ ਹੀ ਮਨੁਖੀ ਜੀਵਨ ਦੀ ਖਾਤਮੇ ਦੀ ਤਾਰੀਖ ਦੂਰ ਨਹੀਂ ਹੈ ।

# ਬਦਾਮ ਪਾਊਡਰ ਬੱਚਿਆਂ ਲਈ ਸਿਹਤਮੰਦ

## ਬੱਚਿਆਂ ਨੂੰ ਘਰ ਵਿਚ ਬਣਾ ਕੇ ਖਵਾਓ ਬਦਾਮ ਦਾ ਪਾਊਡਰ, ਸਿਹਤ ਹੋਵੇਗੀ ਤੰਦਰੁਸਤ





**ਡਾ. ਅੰਜੁਲੀ ਸ਼ਰਮਾ,**
**ਅਸਿਸਟੈਂਟ ਪ੍ਰੋਫੈਸਰ,**
**ਕਮਿਊਨਿਟੀ ਸਾਇੰਸ,**
**ਕੇ. ਵੀ. ਕੇ., ਬਰਨਾਲਾ**

**ਛੋਟੇ ਬੱਚੇ ਅਤੇ ਸ਼ਿਸ਼ੂ (ਨਵਜੰਮੇ ਬੱਚੇ) ਬਦਾਮ ਨਹੀਂ ਖਾ ਸਕਦੇ । ਇਸ ਲਈ ਉਹਨਾਂ ਲਈ ਬਦਾਮ ਦਾ ਪਾਊਡਰ ਇਕ ਚੰਗਾ ਵਿਕਲਪ ਹੁੰਦਾ ਹੈ । ਇਸ ਨੂੰ ਉਹ ਆਸਾਨੀ ਨਾਲ ਪਚਾ ਸਕਦੇ ਹਨ ਅਤੇ ਉਹਨਾਂ ਨੂੰ ਬਦਾਮ ਦੇ ਸਾਰੇ ਫਾਇਦੇ ਵੀ ਮਿਲ ਜਾਂਦੇ ਹਨ ।**


ਬਦਾਮ ਵਿਚ ਕਈ ਪੌਸ਼ਕ ਤੱਤ ਹੁੰਦੇ ਹਨ, ਇਸ ਲਈ ਬੱਚਿਆਂ ਦੇ ਭੋਜਨ ਵਿਚ ਬਦਾਮ ਸ਼ਾਮਿਲ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ । ਸ਼ਿਸ਼ੂ (ਨਵਜੰਮੇ ਬੱਚੇ) ਦੇ ਠੋਸ ਆਹਾਰ (ਭੋਜਨ) ਖਾਣਾ ਸ਼ੁਰੂ ਕਰਨ ਉੱਤੇ ਬਦਾਮ ਨੂੰ ਅਹਾਰ ਵਿਚ ਜ਼ਰੂਰ ਸ਼ਾਮਿਲ ਕਰਨਾ ਚਾਹੀਦਾ ਹੈ । ਤੁਸੀਂ ਬਦਾਮ ਦਾ ਪਾਊਡਰ ਬਣਾ ਕੇ ਬੱਚਿਆਂ ਨੂੰ ਖਵਾ ਸਕਦੇ ਹੋ ।

ਇਥੇ ਅਸੀਂ ਤੁਹਾਨੂੰ ਬਦਾਮ ਦਾ ਪਾਊਡਰ ਬਣਾਉਣ ਬਾਰੇ ਅਤੇ ਨਾਲ ਹੀ ਬੱਚਿਆਂ ਨੂੰ ਹੋਣ ਵਾਲੇ ਇਸਦੇ ਫਾਇਦੇ ਬਾਰੇ ਲਿਖ ਰਹੇ ਹਾਂ ।

ਬਦਾਮ ਵਿਚ ਅਨੇਕ ਪੌਸ਼ਕ ਤੱਤ ਹੁੰਦੇ ਹਨ, ਜਿਵੇਂ ਕਿ ਵਿਟਾਮਿਨ ਈ, ਕੈਲਸ਼ੀਅਮ, ਪੋਟਾਸ਼ੀਅਮ, ਫੋਲੇਟ ਆਦਿ । ਇਹ ਪੌਸ਼ਕ ਤੱਤ ਸ਼ਿਸ਼ੂ ਦੀ ਚਮੜੀ ਨੂੰ ਨਰਮ ਅਤੇ ਮੁਲਾਇਮ ਬਣਾਉਂਦਾ ਹੈ । ਇਸਤੋਂ ਇਲਾਵਾ ਸ਼ਿਸ਼ੂ ਦਾ ਬਿਮਾਰੀ ਰੋਧਕ ਸਿਸਟਮ (ਇਮਿਊਨ ਸਿਸਟਮ) ਵੀ ਮਜ਼ਬੂਤ ਹੁੰਦਾ ਹੈ । ਇਹ ਸ਼ਿਸ਼ੂ ਅਤੇ ਬੱਚਿਆਂ ਦੇ ਦਿਮਾਗੀ (ਮਸਤਵਿਕ) ਵਿਕਾਸ ਵਿਚ ਵੀ ਮਦਦ ਕਰਦਾ ਹੈ ਬਦਾਮ ਦੇ ਪਾਊਡਰ ਨਾਲ ਬੱਚਿਆਂ ਦੀ ਹੱਡੀਆਂ ਨੂੰ ਵੀ ਮਜ਼ਬੂਤੀ ਮਿਲਦੀ ਹੈ ।

**ਬਦਾਮ ਪਾਊਡਰ ਦੇ ਪੌਸ਼ਕ ਤੱਤ** : 100 ਗ੍ਰਾਮ ਬਦਾਮ ਦੇ ਪਾਊਡਰ ਵਿਚ 22 ਗ੍ਰਾਮ ਕਾਰਬੋਹਾਈਡ੍ਰੇਟ 20 ਗ੍ਰਾਮ ਪ੍ਰੋਟੀਨ 50 ਫੈਟ 12 ਗ੍ਰਾਮ ਡਰਾਈ ਫਾਈਬਰ 25 ਮਿਲੀਗ੍ਰਾਮ ਵਿਟਾਮਿਨ ਈ 700 ਮਿਲੀਗ੍ਰਾਮ ਕੈਲਸ਼ੀਅਮ 258 ਮਿਲੀਗ੍ਰਾਮ ਮੈਗਨੀਸ਼ੀਅਮ ਅਤੇ 480 ਮਿਲੀਗ੍ਰਾਮ ਫਾਸਫੋਰਸ਼ ਹੁੰਦਾ ਹੈ ।

**ਸ਼ਿਸ਼ੂ ਨੂੰ ਬਦਾਮ ਪਾਊਡਰ ਕਿਸ ਉਮਰ ਤੋਂ ਖਵਾਈਏ** : ਸ਼ਿਸ਼ੂ ਦੇ 6 ਮਹੀਨੇ ਦਾ ਹੋਣ ਤੋਂ ਬਾਅਦ ਤੁਸੀਂ ਕੋਈ ਵੀ ਠੋਸ ਅਹਾਰ ਸ਼ੁਰੂ ਕਰ ਸਕਦੇ ਹੋ । ਵੈਸੇ ਬੇਹਤਰ ਰਹੇਗਾ ਕਿ 'ਤੁਸੀਂ ਸ਼ਿਸ਼ੂ ਨੂੰ 9 ਮਹੀਨੇ ਦਾ ਹੋਣ ਦੇ ਬਾਅਦ ਬਦਾਮ ਪਾਊਡਰ ਖਵਾਓ । ਸ਼ੁਰੂਆਤ ਵਿਚ ਘੱਟ ਮਾਤਰਾ ਵਿਚ ਹੀ ਖਵਾਓ । ਪਹਿਲੇ ਦੇਖੋ ਕਿ ਕੀਤੇ ਕੋਈ ਐਲਰਜੀ ਤਾਂ ਨਹੀਂ ਹੈ । ਜੇਕਰ ਐਲਰਜੀ ਨਹੀਂ ਹੈ ਤਾਂ ਹੌਲੀ ਹੌਲੀ ਮਾਤਰਾ ਵਧਾ ਦਿਓ ।



**ਬਦਾਮ ਪਾਊਡਰ ਬਣਾਉਣ ਦਾ ਤਰੀਕਾ** : ★ ਇਕ ਕੱਪ ਬਦਾਮ, ਇੱਕ ਤਿਹਾਈ ਕੱਪ ਚੀਨੀ (ਖੰਡ), ਇੱਕ ਚਮਚ ਇਲਾਇਚੀ ਪਾਊਡਰ, 20-30 ਬਦਾਮ, ਥੋੜ੍ਹਾ ਜੇਹਾ ਕੇਸਰ ਲਵੋ ।

★ ਤਿੰਨ ਤੋਂ ਚਾਰ ਕੱਪ ਪਾਣੀ ਲਓ ਅਤੇ ਉਸਨੂੰ ਉਬਾਲ ਲਵੋ ਜਾਂ ਰਾਤ ਭਰ ਭਿਜੇ ਬਦਾਮਾਂ ਨੂੰ ਲੈ ਸਕਦੇ ਹੋ । ਉਬਲਦੇ ਪਾਣੀ ਵਿਚ 5 ਮਿੰਟ ਲਈ ਬਦਾਮਾਂ ਨੂੰ ਭਿਓ ਦਿਓ । ਇਸ ਤੋਂ ਬਾਅਦ ਗਰਮ ਪਾਣੀ ਛਾਣਕੇ ਬਦਾਮਾਂ ਨੂੰ ਸਾਫ ਪਾਣੀ ਨਾਲ ਧੋਵੋ ।

★ ਹੁਣ ਬਦਾਮ ਦਾ ਛਿਲਕਾ ਉਤਾਰ ਕੇ ਉਹਨਾਂ ਨੂੰ ਸਾਫ ਕਪੜੇ ਉਪਰ ਸੁੱਕਣ ਲਈ ਰੱਖ ਦਿਓ ।

★ ਬਦਾਮ ਸੁੱਕਣ ਤੋਂ ਬਾਅਦ ਇਸ ਨੂੰ ਮੱਧਮ ਤਾਪ ਤੇ ਭੁੰਨ ਲਵੋ ।

★ ਭੁੰਨੇ ਹੋਏ ਬਦਾਮਾਂ ਨੂੰ ਪੀਸ ਲਵੋ । ਭੁੰਨੇ ਹੋਏ ਬਦਾਮਾਂ ਅਤੇ ਉੱਪਰ ਲਿਖੀ ਹੋਈ ਸਮੱਗਰੀ ਵਿਚ ਪਾ ਦਿਓ ਤੇ ਇਸ ਪਾਊਡਰ ਨੂੰ ਹਵਾ ਬੰਦ ਡੱਬੇ ਵਿਚ ਪਾ ਕੇ ਸਟੋਰ ਕਰ ਲਵੋ ।

**ਸ਼ਿਸ਼ੂ ਨੂੰ ਕਿਵੇਂ ਖਵਾਈਏ ਬਦਾਮ ਪਾਊਡਰ** : ★ ਤੁਸੀਂ ਕਾਰਨ ਫਲੈਕਸ ਜਾਂ ਦਲੀਆ ਉੱਪਰ ਪਾਊਡਰ ਖਿਲਾਰ ਕੇ ਦੇ ਸਕਦੇ ਹੋ । ਇਸ ਨਾਲ ਨਾਸ਼ਤੇ ਦਾ ਪੌਸ਼ਣ ਹੋਰ ਵੱਧ ਜਾਵੇਗਾ ।

★ ਇੱਕ ਗਿਲਾਸ ਦੁੱਧ ਵਿਚ ਇਕ ਚਮਚ ਬਦਾਮ ਪਾਊਡਰ ਪਾ ਕੇ ਬੱਚੇ ਨੂੰ ਪਿਲਾ ਸਕਦੇ ਹੋ ।

★ ਤੁਸੀਂ ਗਰਮ ਅਤੇ ਠੰਡੇ ਦੋਨਾਂ ਤਰ੍ਹਾਂ ਦੇ ਦੁੱਧ ਵਿਚ ਬਦਾਮ ਪਾਊਡਰ ਮਿਲਾ ਸਕਦੇ ਹੋ ।


★ ਸਬਜ਼ੀ ਨੂੰ ਮੈਸ਼ ਜਾਂ ਪਿਊਰੀ ਬਣਾ ਕੇ ਵੀ ਉਸ ਵਿਚ ਬਦਾਮ ਪਾਊਡਰ ਪਾ ਸਕਦੇ ਹੋ ।

★ ਬਦਾਮ ਦਾ ਛਿਲਕਾ ਬੱਚਿਆਂ ਅਤੇ ਸ਼ਿਸ਼ੂ ਦੇ ਲਈ ਪਚਾਉਣ ਵਿਚ ਥੋੜ੍ਹਾ ਮੁਸ਼ਕਿਲ ਹੋ ਸਕਦਾ ਹੈ । ਇਸ ਲਈ ਬਦਾਮ ਦਾ ਛਿਲਕਾ ਉਤਾਰ ਕੇ ਉਸਦਾ ਪਾਊਡਰ ਬਣਾ ਕੇ ਬੱਚਿਆਂ ਨੂੰ ਦਿੱਤਾ ਜਾਣਾ ਸਹੀ ਰਹਿੰਦਾ ਹੈ ।

# ਕੀ ਪੀਣ ਵਾਲੇ ਪਾਣੀ ਦਾ ਅਕਾਲ ਪੈ ਸਕਦਾ ਹੈ?



ਗੁਰੂ ਨਾਨਕ ਸਾਹਿਬ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਹੈ ਕਿਉਂਕਿ ਤਿੰਨੇ ਜੀਵਾਂ ਦੀਆਂ ਮੁੱਢਲੀਆਂ ਲੋੜਾਂ ਦੀ ਪ੍ਰਾਪਤੀ ਕਰਦੀਆਂ ਹਨ। ਹਵਾ ਅਤੇ ਪਾਣੀ ਤੋਂ ਬਗੈਰ ਜੀਵ ਜੰਤੂ ਤਾਂ ਕੀ ਰੁੱਖ ਬੂਟੇ ਵੀ ਜੀਉਂਦੇ ਨਹੀਂ ਰਹਿ ਸਕਦੇ। ਮਨੁੱਖ ਭੋਜਨ ਤੋਂ ਬਗੈਰ ਤਾਂ ਕੁਝ ਦਿਨ ਜੀਉਂਦਾ ਰਹਿ ਸਕਦਾ ਹੈ ਪਰ ਹਵਾ ਅਤੇ ਪਾਣੀ ਬਗੈਰ ਜੀਉਣਾ ਅਸੰਭਵ ਹੈ। ਭੋਜਨ ਦੀ ਪੈਦਾਵਾਰੀ ਲਈ ਧਰਤੀ ਜ਼ਰੂਰੀ ਹੈ। ਭੋਜਨ ਦੇਣ ਵਾਲੇ ਬੂਟੇ ਅਤੇ ਰੁੱਖ ਧਰਤੀ ਉਤੇ ਹੀ ਉਗਾਏ ਜਾ ਸਕਦੇ ਹਨ ਪਰ ਉਨ੍ਹਾਂ ਦੀ ਵੀ ਮੁੱਢਲੀ ਲੋੜ ਹਵਾ ਅਤੇ ਪਾਣੀ ਹੀ ਹੈ। ਇਸੇ ਕਰਕੇ ਮਨੁੱਖ ਹੁਣ ਤੱਕ ਇਨ੍ਹਾਂ ਨੂੰ ਦੇਵਤੇ ਮੰਨ ਇਨ੍ਹਾਂ ਦੀ ਪੂਜਾ ਕਰਦਾ ਰਿਹਾ ਹੈ ਅਤੇ ਇਨ੍ਹਾਂ ਦੀ ਸਾਂਭ ਸੰਭਾਲ ਕਰਨਾ ਆਪਣਾ ਮੁੱਢਲਾ ਫਰਜ ਸਮਝਦਾ ਰਿਹਾ ਹੈ। ਪਰ ਆਧੁਨਿਕਤਾ ਦੇ ਪ੍ਰਭਾਵ ਹੇਠ ਮਨੁੱਖ ਇਨ੍ਹਾਂ ਨੂੰ ਵਰਤੋਂ ਵਾਲੀਆਂ ਵਸਤਾਂ ਹੀ



ਡਾ. ਰਣਜੀਤ ਸਿੰਘ

ਸਮਝਣ ਲਗ ਪਿਆ ਹੈ। ਇਨ੍ਹਾਂ ਦੀ ਬੇਤਹਾਸ਼ਾ ਵਰਤੋਂ ਅਤੇ ਗੰਦਾ ਕਰਨ ਵਿਚ ਉਸ ਕੋਈ ਕਸਰ ਨਹੀਂ ਛੱਡੀ। ਮੌਜੂਦਾ ਹਾਲਤਾਂ ਨੂੰ ਵੇਖਦਿਆਂ ਹੋਇਆਂ ਹੁਣ ਇਹ ਮੰਨਿਆ ਜਾਣ ਲਗ ਪਿਆ ਹੈ ਕਿ ਭਵਿੱਖ ਵਿਚ ਉਹ ਦੇਸ਼ ਸ਼ਕਤੀਸ਼ਾਲੀ ਨਹੀਂ ਹੋਵੇਗਾ ਜਿਸ ਕੋਲ ਸ਼ਕਤੀਸ਼ਾਲੀ ਫੌਜ ਹੋਵੇਗੀ ਸਗੋਂ ਉਹ ਦੇਸ਼ ਸ਼ਕਤੀਸ਼ਾਲੀ ਨਹੀਂ ਹੋਵੇਗਾ ਜਿਸ ਕੋਲ ਪੀਣ ਲਈ ਪਾਣੀ ਅਤੇ ਖਾਣ ਲਈ ਅਨਾਜ ਹੋਵੇਗਾ। ਸ਼ਾਇਦ ਇਸੇ ਕਰਕੇ ਵੱਡੇ ਵਿਉਪਾਰੀਆਂ ਨੇ ਪਾਣੀ ਦਾ ਵਿਉਪਾਰ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਖੇਤੀ ਉਤੇ ਕਬਜ਼ਾ ਕਰਨ ਦੇ ਰਾਹ ਪੈ ਗਏ ਹਨ। ਸਾਰੇ ਲੋਕਾਂ ਲਈ ਪੀਣ ਵਾਸਤੇ ਸਾਫ ਪਾਣੀ ਦੇਣਾ ਇਕ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ। ਜਿਥੋਂ ਤੱਕ ਭੋਜਨ ਦਾ ਸੰਬੰਧ ਹੈ। ਅਧਿਉਂ ਵੱਧ ਆਬਾਦੀ ਨੂੰ ਮੁਫਤ ਭੋਜਨ ਦੇਣ ਲਈ ਸਰਕਾਰ ਨੂੰ ਮਜ਼ਬੂਰ ਹੋਣਾ ਪਿਆ ਹੈ।

ਸੰਸਾਰ ਵਿਚ ਪੀਣ ਵਾਲੇ ਸ਼ੁੱਧ ਪਾਣੀ ਦੀ ਹੋ ਰਹੀ ਘਾਟ ਨੂੰ ਵੇਖਦਿਆਂ ਹੋਇਆ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ 1993 ਵਿਚ ਇਹ ਮਤਾ ਪਾਸ ਕੀਤਾ ਕਿ ਹਰ ਵਰ੍ਹੇ 22 ਮਾਰਚ ਨੂੰ ਵਿਸ਼ਵ ਪਾਣੀ ਦਿਵਸ ਮਨਾਇਆ ਜਾਵੇ ਅਤੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਇਸ ਦਿਨ ਅੰਦਰ ਝਾਤ ਮਾਰਨ ਕਿ ਨਾਗਰਿਕਾਂ ਦੀਆਂ ਪੀਣ ਦੇ ਪਾਣੀ ਦੀਆਂ ਲੋੜਾਂ ਕਿਥੋਂ ਤਕ ਪੂਰੀਆਂ ਹੋ ਰਹੀਆਂ ਹਨ। ਇਹ ਸਮਝਿਆ ਜਾ ਰਿਹਾ ਹੈ ਬਹੁਤੇ ਝਗੜੇ ਪਾਣੀ ਕਾਰਨ ਹੀ ਹੁੰਦੇ ਹਨ। ਕਿਸੇ ਵੀ ਦੇਸ਼ ਦੀ ਖੁਸ਼ਹਾਲੀ ਅਤੇ ਸ਼ਾਂਤੀ ਪਾਣੀ ਉਤੇ ਹੀ ਨਿਰਭਰ ਕਰਦੀ ਹੈ। ਭਵਿੱਖ ਵਿਚ ਪਾਣੀ ਲਈ ਹੀ ਬਹੁਤੇ ਝਗੜੇ ਹੋਣਗੇ ਕਿਉਂਕਿ ਹੁਣ ਸੰਸਾਰ ਦੀ ਲਗਭਗ ਅੱਧ ਵਸੋਂ ਪਾਣੀ ਦੀ ਘਾਟ ਮਹਿਸੂਸ ਕਰ ਰਹੀ ਹੈ। ਪੀਣ ਲਈ ਪਾਣੀ ਲੈਣ ਔਰਤਾਂ ਨੂੰ ਕਈ ਕਿਲੋਮੀਟਰਾਂ ਤੋਂ ਜਾ ਕੇ ਪਾਣੀ ਲੈ ਕੇ ਆਉਣਾ ਪੈਂਦਾ ਹੈ। ਦੇਸ਼ ਵਿਚਲੇ ਬਹੁਤੇ ਛੱਪੜ ਜਾਂ ਤਾਂ ਸੁੱਕ ਗਏ ਹਨ ਜਾਂ ਪੂਰ ਦਿੱਤੇ ਗਏ ਹਨ।

ਦੇਸ਼ ਦੇ ਵੱਡੇ ਸ਼ਹਿਰਾਂ ਵਿਚ ਤਾਂ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਸ਼ਹਿਰਾਂ ਵਿਚ ਦਰਿਆਵਾਂ ਦੇ ਪਾਣੀ ਨੂੰ ਪੀਣ ਲਈ ਵਰਤਿਆ ਜਾ ਰਿਹਾ ਹੈ। ਪਰ ਅਸੀਂ ਦਰਿਆਵਾਂ ਦੇ ਪਾਣੀਆਂ ਨੂੰ ਇਤਨਾ ਗੰਦਾ ਕਰ ਦਿੱਤਾ ਹੈ ਕਿ ਇਹ ਪੀਣ ਦੇ ਕਾਬਲ ਹੀ ਨਹੀਂ ਰਿਹਾ ਹੈ। ਦਰਿਆਵਾਂ ਵਿਚ ਉਂਝ ਵੀ ਪਾਣੀ ਦੀ ਕਮੀ ਆ ਰਹੀ ਹੈ ਕਿਉਂਕਿ ਬੇਰਹਿਮੀ ਨਾਲ ਹੋ ਰਹੀ ਰੁੱਖਾਂ ਦੀ ਕਟਾਈ ਇਸ ਕਮੀ ਦਾ ਵੱਡਾ ਕਾਰਨ ਬਣ ਗਈ ਹੈ। ਦਰਿਆਵਾਂ ਦੇ ਪਾਣੀਆਂ ਨੂੰ ਹੀ ਨਹਿਰਾਂ ਰਾਹੀਂ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ। ਕੁਦਰਤੀ ਰੂਪ ਵਿਚ ਵਹਿਣ ਲਈ ਦਰਿਆਵਾਂ ਵਿਚ ਬਹੁਤ ਘਟ ਪਾਣੀ ਰਹਿ ਜਾਂਦਾ ਹੈ।

ਭਾਰਤ ਸੰਸਾਰ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਹੁਣ ਇਸ ਦੀ ਵਸੋਂ 140 ਕਰੋੜ ਨੂੰ ਪਾਰ ਕਰ ਗਈ ਹੈ। ਜਦੋਂ ਦੇਸ਼ ਆਜ਼ਾਦ ਹੋਇਆ ਕੇਵਲ 33 ਕਰੋੜ ਸੀ। ਤੇਜ਼ੀ ਨਾਲ ਹੋਏ ਆਬਾਦੀ ਦੇ ਇਸ ਵਾਧੇ ਦੀਆਂ ਤਿੰਨ ਮੁੱਢਲੀਆਂ ਲੋੜਾਂ ਰੋਟੀ, ਕਪੜਾ ਅਤੇ ਮਕਾਨ ਦੀ ਪੂਰਤੀ ਲਈ ਦੇਸ਼ ਦੇ ਕੁਦਰਤੀ ਵਸੀਲਿਆਂ ਦੀ ਵੀ ਤੇਜ਼ੀ ਨਾਲ ਵਰਤੋਂ ਕੀਤੀ ਜਾ ਰਹੀ ਹੈ। ਲੋਕਾਂ ਲਈ ਮਕਾਨ ਬਨਾਉਣ ਵਾਸਤੇ ਲੱਖਾਂ ਪਿੰਡ ਉਜਾੜਨੇ ਪਏ ਹਨ। ਇੰਝ ਵਾਹੀ ਹੇਠ ਧਰਤੀ ਘਟ ਰਹੀ ਹੈ ਜਦੋਂ ਕਿ ਭੋਜਨ ਦੀਆਂ ਲੋੜਾਂ ਵੱਧ ਰਹੀਆਂ ਹਨ। ਜਦੋਂ ਵਸੋਂ ਕੇਵਲ 33 ਕਰੋੜ ਸੀ। ਉਦੋਂ ਲੋਕੀਂ ਪਾਣੀ ਦੀ ਸੰਕੋਚਵੀਂ ਵਰਤੋਂ ਕਰਦੇ ਸਨ ਕਿਉਂਕਿ ਪਾਣੀ ਬਿਨ੍ਹਾਂ ਧਰਤੀ ਉਤੇ ਜੀਵਨ ਸੰਭਵ ਨਹੀਂ ਹੈ। ਹੁਣ ਜਦੋਂ ਆਬਾਦੀ ਇਤਨੀ ਵਧ ਗਈ ਹੈ ਤਾਂ ਪਾਣੀ ਦੀਆਂ ਲੋੜਾਂ ਵੀ ਉਸੇ ਅਨੁਪਾਤ ਵਿਚ ਵਧੀਆਂ ਹਨ। ਇਸ ਦੇ ਨਾਲ ਹੀ ਲੋਕਾਂ ਵਿਚ ਪਾਣੀ ਦੀ ਸੰਕੋਚਵੀਂ ਵਰਤੋਂ ਕਰਨ ਅਤੇ ਪਾਣੀ ਨੂੰ ਦੇਵਤਾ ਸਮਝ ਸਤਿਕਾਰ ਖਤਮ ਹੋ ਗਿਆ ਹੈ। ਉਹ ਪਾਣੀ ਦੀ ਖੁਲ੍ਹ ਕੇ ਵਰਤੋਂ ਕਰਦੇ ਹਨ। ਸਾਰੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਵੀ ਪਾਣੀ ਦੀ ਅਹਿਮ ਭੂਮਿਕਾ ਹੈ। ਅਸੀਂ ਆਪਣੇ ਦਰਿਆਵਾਂ ਅਤੇ ਧਰਤੀ ਹੇਠਲੇ ਪਾਣੀ ਦੀ ਬੜੀ ਬੇਦਰਦੀ ਨਾਲ ਵਰਤੋਂ ਕਰ ਰਹੇ ਹਾਂ। ਇਸ ਨਾਲ ਧਰਤੀ ਹੇਠਲਾ ਪਾਣੀ ਮੁੱਕਣ ਦੇ ਨੇੜੇ ਹੈ ਅਤੇ ਦਰਿਆ ਸੁਕਣ ਵਾਲੇ ਹਨ। ਮੀਂਹ ਦੇ ਪਾਣੀ ਦੀ ਸੰਭਾਲ ਅਤੇ ਧਰਤੀ ਹੇਠ ਇਸ ਦੀ ਭਰਪਾਈ ਵਲ ਕਿਸੇ ਵੀ ਧਿਆਨ ਨਹੀਂ ਦਿੱਤਾ। ਸਾਰੀਆਂ ਗਲੀਆਂ, ਸੜਕਾਂ ਪੱਕੀਆਂ ਹੋ ਗਈਆਂ ਹਨ। ਛੱਪੜ ਅਤੇ ਤਲਾਬ ਪੂਰ ਦਿੱਤੇ ਗਏ ਹਨ। ਦਰਿਆ, ਨਦੀਆਂ ਅਤੇ ਨਾਲਿਆਂ ਦੇ ਵਹਿਣ ਮੋੜ ਦਿੱਤੇ ਗਏ ਹਨ। ਇੰਝ ਧਰਤੀ ਹੇਠ ਬਹੁਤ ਘਟ ਪਾਣੀ ਜਾ ਰਿਹਾ ਹੈ।

ਪੰਜਾਬ ਜਿਸ ਦਾ ਨਾਮ ਹੀ ਪਾਣੀਆਂ ਦੀ ਹੋਂਦ ਕਰਕੇ ਪਿਆ ਸੀ ਉਸ ਦਾ ਵੀ ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ ਕਿਉਂਕਿ ਘਰਾਂ ਅਤੇ ਖੇਤਾਂ ਦੀਆਂ ਪਾਣੀ ਦੀਆਂ ਲੋੜਾਂ ਧਰਤੀ ਹੇਠਲੇ ਪਾਣੀ ਨਾਲ ਹੀ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਨਹਿਰੀ ਪਾਣੀ ਨਾਲ ਤਾਂ ਸਿੰਚਾਈ ਮਸਾਂ ਇਕ ਤਿਹਾਈ ਹਿੱਸੇ ਦੀ ਹੀ ਹੁੰਦੀ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਬਹੁਤੇ ਪਿੰਡਾਂ ਅਤੇ ਸ਼ਹਿਰਾਂ ਦਾ ਪਾਣੀ ਪੀਣ ਯੋਗ ਨਹੀਂ ਹੈ। ਕੁਝ ਦਿਨ ਪਹਿਲਾਂ ਮੈਨੂੰ ਫਰੈਡ ਪੀਅਰਸ ਦੀ ਕਿਤਾਬ 'ਜਦੋਂ ਦਰਿਆ ਸੁੱਕਦੇ ਹਨ' ਪੜ੍ਹਨ ਦਾ ਮੌਕਾ ਮਿਲਿਆ ਹੈ। ਲੇਖਕ ਨੇ ਭਾਰਤ ਵਿਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿਚ ਮੁੱਕ ਰਹੇ ਪਾਣੀ ਦੀ ਬਹੁਤ ਸੁਚੱਜੇ ਢੰਗ ਨਾਲ ਚਿਤਾਵਨੀ ਦਿੱਤੀ ਹੈ।

ਪੁਸਤਕ ਵਿਚ ਫਰੈਡ ਨੇ ਸਾਰੇ ਸੰਸਾਰ ਵਿਚ ਸੁੱਕ ਗਏ ਅਤੇ ਸੁੱਕ ਰਹੇ ਦਰਿਆਵਾਂ ਦਾ ਵੇਰਵਾ ਦਿੱਤਾ ਹੈ ਅਤੇ ਦਰਿਆਵਾਂ ਨੂੰ ਜੀਉਂਦਿਆਂ ਰੱਖਣ ਲਈ ਅਪੀਲ ਵੀ ਕੀਤੀ ਹੈ। ਪੰਜਾਬ ਵਿਚ ਮੁੱਕ ਰਹੇ ਪਾਣੀ ਲਈ ਅਸੀਂ ਝੋਨੇ ਨੂੰ ਜ਼ੁੰਮੇਵਾਰ ਠਹਿਰਾਉਂਦੇ ਹਾਂ ਪਰ ਇਹ ਭੁੱਲ ਜਾਂਦੇ ਹਾਂ ਕਿ ਸਾਰੀ ਵਸੋਂ ਦਾ ਢਿੱਡ ਭਰਨ ਲਈ ਭੋਜਨ ਦਾ ਪੈਦਾ ਕਰਨਾ ਹੀ ਪਵੇਗਾ। ਪਾਣੀ ਤਾਂ ਉਨ੍ਹਾਂ ਫਸਲਾਂ ਨੂੰ ਵੀ ਚਾਹੀਦਾ ਹੈ ਜਿਹੜੀਆਂ ਝੋਨੇ ਦੀ ਥਾਂ ਬੀਜੀਆਂ ਜਾਣਗੀਆਂ। ਲੇਖਕ ਨੇ ਗੁਜਰਾਤ ਦੇ ਦੁੱਧ ਉਤਪਾਦਕਾਂ ਦਾ ਇਕ ਵੇਰਵਾ ਦਿੱਤਾ ਹੈ ਜਿਹੜਾ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ।

ਜੀਤ ਭਾਈ ਚੌਧਰੀ ਭਾਰਤ ਦੇ ਗੁਜਰਾਤ ਸੂਬੇ ਦੇ ਕੁਸ਼ਕਲ ਨਾਂ ਦੇ ਇਕ ਪਿੰਡ ਵਿਚ ਖੇਤੀ ਕਰਦਾ ਹੈ। ਉਹ ਰਵਾਇਤੀ ਪੱਖ ਤੋਂ ਇਕ ਆਦਰਸ਼ ਕਿਸਾਨ ਹੈ ਤੇ ਵਾਤਾਵਰਣ ਪੱਖੀ ਸੋਚ ਵਾਲਾ ਵੀ ਹੈ। ਉਸ ਕੋਲ ਸਿਰਫ 5 ਕਿਲੇ ਜ਼ਮੀਨ ਹੈ। ਉਸ ਕੋਲ ਇਕ ਛੋਟਾ ਪੰਪ ਸੀ ਜਿਹੜਾ ਇਕ ਘੰਟੇ ਵਿਚ 12 ਹਜ਼ਾਰ ਲਿਟਰ ਪਾਣੀ ਕੱਢਦਾ ਸੀ। ਇਸ ਨਾਲ ਉਸ ਸਾਲ ਵਿਚ 24 ਵਾਰ ਖੇਤਾਂ ਨੂੰ ਪਾਣੀ ਦਿੰਦਾ ਸੀ। ਇਕ ਵਾਰ ਪਾਣੀ ਦੇਣ ਲਈ 64 ਘੰਟੇ ਲਗਦੇ ਸਨ। ਉਸ ਦੀਆਂ ਗਾਈਆਂ ਦੀ ਦੁੱਧ ਦੀ ਕੁੱਲ ਪੈਦਾਵਾਰ 25 ਕੁ ਲਿਟਰ ਪ੍ਰਤੀ ਦਿਨ ਸੀ। ਇਸ ਤਰ੍ਹਾਂ ਉਸ ਨੂੰ ਇਕ ਸਾਲ ਵਿਚ 9100 ਲਿਟਰ ਦੁੱਧ ਪੈਦਾ ਕਰਨ ਲਈ ਇਕ ਕਰੋੜ ਛਿਆਸੀ ਲੱਖ ਲਿਟਰ ਪਾਣੀ ਚਾਹੇ ਨੂੰ ਲਾਉਣਾ ਪੈਂਦਾ ਸੀ। ਇਕ ਲਿਟਰ ਦੁੱਧ ਮਗਰ 2000 ਲਿਟਰ ਪਾਣੀ। ਇਸ ਬਾਰੇ ਉਸ ਦੱਸਿਆ, ''ਹਾਂ ਮੈਨੂੰ ਡਰ ਹੈ ਕਿ ਪਾਣੀ ਖਤਮ ਹੋ ਜਾਵੇਗਾ, ਪਰ ਮੈਂ ਕੀ ਕਰ ਸਕਦਾ ਹਾਂ। ਜੇਕਰ ਮੈਂ ਨਾ ਪਾਣੀ ਖਿੱਚਿਆ ਤਾਂ ਮੇਰੇ ਗੁਆਂਢੀ ਖਿੱਚ ਲੈਣਗੇ।''

ਜੇਕਰ ਕਿਸਾਨਾਂ ਨਾਲ ਬਿਜਲੀ ਦਾ ਮਹੀਨੇਵਾਰ ਕੋਟਾ ਮਿੱਥਿਆ ਜਾਵੇ ਤਾਂ ਇਸ ਨਾਲ ਧਰਤੀ ਹੇਠਲੇ ਪਾਣੀ ਦੀ ਕੁਝ ਬਚਤ ਹੋ ਸਕਦੀ ਹੈ। ਹੇਠਲੀ ਪੱਧਰ ਤੋਂ ਜਿਹੜਾ ਪਾਣੀ ਕੱਢਿਆ ਜਾ ਰਿਹਾ ਹੈ ਉਸ ਦੀ ਕਦੇ ਵੀ ਭਰਪਾਈ ਨਹੀਂ ਹੋ ਸਕੇਗੀ। ਧਰਤੀ ਹੇਠ ਪਾਣੀ ਜਾਣ ਵਾਲੇ ਅਸੀਂ ਲਗਭਗ ਸਾਰੇ ਸੋਮੇ ਬੰਦ ਕਰ ਦਿੱਤੇ ਹਨ। ਦਰਿਆਵਾਂ, ਬੇਈਆਂ ਦੇ ਪਾਣੀ ਨੂੰ ਬੰਨ੍ਹ ਲਾ ਕੇ ਰੋਕ ਲਿਆ ਹੈ। ਸਾਰੇ ਛਪੜ ਪੂਰ ਦਿੱਤੇ ਹਨ। ਗਲੀਆਂ, ਸੜਕਾਂ ਤੇ ਹੋਰ ਖਾਲੀ ਥਾਂ ਪੱਕੇ ਕਰ ਲਏ ਹਨ। ਮੀਂਹ ਦੇ ਪਾਣੀ ਨੂੰ ਹੇਠ ਭੇਜਣ ਦਾ ਕੋਈ ਉਪਰਾਲਾ ਨਹੀਂ ਕੀਤਾ ਹੈ। ਕਿਸੇ ਸਿਆਣੇ ਆਗੂ ਨੇ ਹਰੇਕ ਖੇਤ ਤਾਈਂ ਨਹਿਰੀ ਪਾਣੀ ਪਹੁੰਚਾਉਣ ਦਾ ਪ੍ਰਬੰਧ ਕੀਤਾ ਸੀ। ਇਨ੍ਹਾਂ ਦੀ ਮੁੜ ਕਿਸੇ ਵੀ ਸਰਕਾਰ ਨੇ ਕਦੇ ਸਫਾਈ ਨਹੀਂ ਕਰਵਾਈ, ਕੁਝ ਨਹਿਰਾਂ



ਪੱਕੀਆਂ ਕਰ ਦਿੱਤੀਆਂ ਹਨ, ਮੀਂਹ ਦਾ ਪਾਣੀ ਇਨ੍ਹਾਂ ਵਿਚ ਭਰਨ ਦਾ ਕਦੇ ਪ੍ਰਬੰਧ ਨਹੀਂ ਕੀਤਾ। ਲੁਧਿਆਣੇ ਤੋਂ ਫਿਲੌਰ ਨੂੰ ਜਾਈਏ ਤਾਂ ਸਤਲੁਜ ਦਰਿਆ ਵਿਚ ਮਸਾਂ ਇਕ ਵੱਡੇ ਟਿਊਬਵੈੱਲ ਜਿਤਨਾ ਪਾਣੀ ਵਗਦਾ ਹੈ। ਸਾਰੀ ਵਸੋਂ ਦਾ ਢਿੱਡ ਭਰਨ ਲਈ ਕੁਦਰਤ ਵਲੋਂ ਸਾਨੂੰ ਬਖਸ਼ੇ ਤੇ ਸਾਡੇ ਵੱਲੋਂ ਵਰਤੇ ਕੁਲ ਪਾਣੀ ਦਾ ਅਧਿਉਂ ਵੱਧ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ। ਪੰਜਾਬ ਵਿਚ ਸੀਵਰੇਜ ਦੇ ਪਾਣੀ ਦੀ ਸੁਧਾਈ ਕਰਕੇ ਇਸ ਨੂੰ ਸਿੰਚਾਈ ਲਈ ਵਰਤਣ ਦਾ ਯਤਨ ਨਹੀਂ ਕੀਤਾ ਗਿਆ ਸਗੋਂ ਇਸ ਨੂੰ ਜਾਂ ਤਾਂ ਧਰਤੀ ਹੇਠ ਭੇਜਿਆ ਜਾ ਰਿਹਾ ਹੈ ਜਾਂ ਦਰਿਆਵਾਂ ਵਿਚ ਪਾਇਆ ਜਾ ਰਿਹਾ ਹੈ। ਇੰਝ ਸਾਡੇ ਦਰਿਆਵਾਂ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਗਿਆ ਹੈ। ਮਾਲਵੇ ਦੇ ਕੁਝ ਇਲਾਕੇ ਵਿਚ ਇਸੇ ਪਾਣੀ ਨੂੰ ਪੀਣ ਲਈ ਮਜਬੂਰ ਹੋਣਾ ਪੈਂਦਾ ਹੈ ਜਿਸ ਕਾਰਨ ਇਹ ਇਲਾਕਾ ਕੈਂਸਰ ਪੱਟੀ ਬਣ ਗਿਆ ਹੈ। ਭਵਿੱਖ ਵਿਚ ਪਾਣੀ ਸਭ ਤੋਂ ਵੱਡੀ ਸਮੱਸਿਆ ਹੋਵੇਗੀ ਇਸ ਕਰਕੇ ਸਾਨੂੰ ਆਪਣੇ ਦਰਿਆਵਾਂ ਦੀ ਸੰਭਾਲ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਹਰੀ ਕ੍ਰਾਂਤੀ ਨੇ ਅੰਨ ਭੰਡਾਰ ਤਾਂ ਭਰ ਦਿੱਤੇ ਪਰ ਪਾਣੀ ਦੇ ਸੋਮੇ ਖਾਲੀ ਕਰ ਦਿੱਤੇ। ਆਬਾਦੀ ਦਾ ਢਿੱਡ ਤਾਂ ਭਰ ਦਿੱਤਾ ਪਰ ਪਹਿਲਾਂ ਨਾਲੋਂ ਕੋਈ ਤਿੰਨ ਗੁਣਾ ਵਧੇਰੇ ਪਾਣੀ ਖਰਚ ਹੋਇਆ। ਅਜੇਹਾ ਕਰਨਾ ਮਜਬੂਰੀ ਹੈ। ਭੋਜਨ ਮਨੁੱਖ ਦੀ ਮੁੱਢਲੀ ਲੋੜ ਹੈ ਇਸ ਕਰਕੇ ਰੋਟੀ ਦੇਣਾ ਤਾਂ ਹਰੇਕ ਸਰਕਾਰ ਦਾ ਪਹਿਲਾ ਫਰਜ਼ ਬਣਦਾ ਹੈ। ਖਤਮ ਹੋ ਰਹੇ ਪਾਣੀ ਦੀ ਸੰਭਾਲ ਲਈ ਤੇਜ਼ੀ ਨਾਲ ਵੱਧ ਰਹੀ ਆਬਾਦੀ ਉਤੇ ਵੀ ਲਗਾਮ ਲਗਾਉਣ ਦੀ ਲੋੜ ਹੈ। ਦੇਸ਼ ਵਿਚ ਲੋਕ ਰਾਜ ਵੋਟ ਰਾਜ ਬਣ ਰਿਹਾ ਹੈ। ਵੋਟ ਰਾਜ ਵਿਚ ਆਬਾਦੀ ਦੇ ਵਾਧੇ ਨੂੰ ਰੋਕਣ ਵਲ ਕੋਈ ਸਰਕਾਰ ਵੀ ਧਿਆਨ ਨਹੀਂ ਦੇ ਰਹੀ।

ਖੇਤੀ ਖੋਜ ਨੂੰ ਵੀ ਨਵਾਂ ਮੋੜ ਦੇਣ ਦੀ ਲੋੜ ਹੈ ਅਜੇਹੀਆਂ ਫਸਲਾਂ ਅਤੇ ਘਟ ਪਾਣੀ ਦੀ ਲੋੜ ਵਾਲੀਆਂ ਕਿਸਮਾਂ ਵਿਕਸਤ ਕੀਤੀਆਂ ਜਾਣ। ਸਿੰਜਾਈ ਦੇ ਨਵੇਂ ਢੰਗ ਤਰੀਕੇ ਵਿਕਸਤ ਕੀਤੇ ਜਾਣ ਤੇ ਉਨ੍ਹਾਂ ਦੀ ਪਾਲਣਾ ਲਈ ਸੰਜੀਦਾ ਯਤਨ ਕੀਤੇ ਜਾਣ। ਸਾਰੀਆਂ ਨਹਿਰਾਂ ਤੇ ਖਾਲਿਆਂ ਦੀ ਸਫਾਈ ਕਰਕੇ ਉਨ੍ਹਾਂ ਦੇ ਕੰਢੇ ਮਜਬੂਤ ਕੀਤੇ ਜਾਣ ਤਾਂ ਜੋ ਮੀਂਹ ਦਾ ਪਾਣੀ ਉਥੇ ਖੜਾ ਕੀਤਾ ਜਾ ਸਕੇ। ਪਿੰਡਾਂ ਦੇ ਛੱਪੜਾਂ ਨੂੰ ਮੁੜ ਸੁਰਜੀਤ ਕੀਤਾ ਜਾਵੇ। ਬਾਰਸ਼ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਲਈ ਵੱਡੀ ਪੱਧਰ ਉਤੇ ਯਤਨ ਕਰਨੇ ਜ਼ਰੂਰੀ ਹਨ। ਹੁਣ ਇਸ ਪਾਸੇ ਕੋਈ ਖਾਸ ਯਤਨ ਨਹੀਂ ਹੋ ਰਹੇ ਹਨ। ਗੈਰ ਖੇਤੀ ਲਈ ਵਰਤੇ ਜਾ ਰਹੇ ਪਾਣੀ ਦੀ ਗਲਤ ਵਰਤੋਂ ਨੂੰ ਰੋਕਿਆ ਜਾਵੇ ਅਤੇ ਘਟ ਤੋਂ ਘਟ ਪਾਣੀ ਨਾਲ ਗੁਜ਼ਾਰਾ ਕਰਨ ਲਈ ਲੋਕਾਂ ਨੂੰ ਸਿੱਖਿਅਤ ਕੀਤਾ ਜਾਵੇ। ਮਈ ਜੂਨ ਦੇ ਮਹੀਨਿਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਨਾ ਕੀਤਾ ਜਾਵੇ। ਦਾਲਾਂ, ਬਾਜਰਾ, ਮੱਕੀ ਆਦਿ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੀ ਘੱਟੋ ਘੱਟ ਸਮਰਥਨ ਮੁੱਲ ਉਤੇ ਖਰੀਦ ਯਕੀਨੀ ਬਣਾਈ ਜਾਵੇ। ਬਾਜਰੇ ਅਤੇ ਬਾਸਮਤੀ ਦੀ ਕਾਸ਼ਤ ਨੂੰ ਮਕਬੂਲ ਬਣਾਇਆ ਜਾਵੇ। ਅਗੇਤਾ ਝੋਨਾ ਲਗਾਉਣ ਦੇ ਰੁਝਾਨ ਨੂੰ ਠੱਲ ਪਾਈ ਜਾਵੇ। ਪਿੰਡਾਂ ਦੀਆਂ ਢਾਬਾਂ ਅਤੇ ਖਾਲਿਆਂ ਨੂੰ ਲੋਕਾਂ ਦੇ ਕਬਜ਼ਿਆਂ ਵਿਚੋਂ ਛੁੜਾ ਕੇ ਮੁੜ ਚਾਲੂ ਕੀਤਾ ਜਾਵੇ। ਸ਼ਹਿਰਾਂ ਦੀਆਂ ਪਾਰਕਾਂ ਵਿਚ ਘਾਹ ਨੂੰ ਪਾਣੀ ਲਗਾਉਣ ਲਈ ਨਿਯਮ ਬਣਾਏ ਜਾਣ ਤਾਂ ਜੋ ਪਾਣੀ ਨੂੰ ਬਚਾਇਆ ਜਾ ਸਕੇ। ਜੇਕਰ ਸੰਜੀਦਾ ਯਤਨ ਨਾ ਕੀਤੇ ਗਏ ਤਾਂ ਪੀਣ ਲਈ ਵੀ ਸ਼ੁੱਧ ਪਾਣੀ ਮਿਲਣਾ ਮੁਸ਼ਕਿਲ ਹੋ ਜਾਵੇਗਾ।

**ਕੁਝ ਅਰਥ-ਸ਼ਾਸਤਰੀਆਂ ਦਾ ਕਹਿਣਾ ਹੈ ਕਿ ਐੱਮ ਐੱਸ ਪੀ 'ਤੇ ਸਖਤੀ ਨਾਲ ਅਮਲ ਕਰਨ ਨਾਲ ਵਪਾਰੀ ਮੰਡੀਆਂ ਵਿੱਚੋਂ ਫਸਲਾਂ ਖਰੀਦਣ ਤੋਂ ਝਿਜਕਣਗੇ । ਇਸ ਕਾਰਨ ਕਿਸਾਨਾਂ ਨੂੰ ਫਾਇਦਾ ਹੋਣ ਦੀ ਬਜਾਏ ਉਲਟਾ ਨੁਕਸਾਨ ਉਠਾਉਣਾ ਪੈ ਸਕਦਾ ਹੈ । ਪਰ ਕੁਝ ਅਰਥ-ਸ਼ਾਸਤਰੀਆਂ ਦਾ ਕਹਿਣਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਕਾਰਨ ਕਿਸਾਨਾਂ ਨੂੰ ਵਪਾਰੀਆਂ ਨਾਲ ਫਸਲਾਂ ਦੇ ਰੇਟ ਬਾਰੇ ਸੌਦੇਬਾਜ਼ੀ ਕਰਨ ਲਈ ਇਕ ਠੋਸ ਪਲੇਟਫਾਰਮ ਹਾਸਲ ਹੋ ਸਕਦਾ ਹੈ । ਉਹ ਆਪਣੀ ਫਸਲ ਸਰਕਾਰ ਜਾਂ ਵਪਾਰੀ, ਜੋ ਵੀ ਵੱਧ ਰੇਟ ਦੇਵੇ, ਨੂੰ ਵੇਚਣ ਦੇ ਕਾਬਲ ਹੋ ਜਾਣਗੇ । ਇਸ ਨਾਲ ਮੁਕਾਬਲੇਬਾਜ਼ੀ ਦੀ ਭਾਵਨਾ ਵੱਧ ਜਾਵੇਗੀ ਤੇ ਕਿਸਾਨਾਂ ਨੂੰ ਫਾਇਦਾ ਹੋਵੇਗਾ ।**



# ਖੇਤੀ ਮੁੱਦਿਆਂ ਦੇ ਆਰ-ਪਾਰ

**ਬਲਰਾਜ ਸਿੰਘ ਸੰਧੂ**
ਸੇਵਾ ਮੁਕਤ ਏ ਆਈ ਜੀ
ਮੋਬਾਈਲ : 95011-00062

ਕਿਸਾਨਾਂ ਨੇ ਨਵੰਬਰ 2022 ਵਿਚ ਇਕ ਸਾਲ ਤੋਂ ਵੱਧ ਸਮਾਂ ਸੰਘਰਸ਼ ਕਰ ਕੇ ਸਰਕਾਰ ਤੋਂ ਵਿਵਾਦਮਈ ਖੇਤੀਬਾੜੀ ਕਾਨੂੰਨ ਵਾਪਸ ਕਰਵਾ ਲਏ ਸਨ । ਇਸ ਫਰਵਰੀ ਮਹੀਨੇ ਵੀ ਕਿਸਾਨਾਂ ਨੇ ਕੇਂਦਰ ਸਰਕਾਰ ਤੋਂ ਹੋਰ ਮੰਗਾਂ ਮਨਵਾਉਣ ਲਈ ਦੁਬਾਰਾ ਮੋਰਚਾ ਲਗਾ ਦਿੱਤਾ ਹੈ ।

ਇਸ ਵਾਰ ਉਨ੍ਹਾਂ ਦੀਆਂ ਮੁੱਖ ਮੰਗਾਂ ਵਿਚ ਕੇਂਦਰ ਸਰਕਾਰ ਵੱਲੋਂ 2022 ਸਮੇਂ ਮੋਰਚਾ ਖਤਮ ਕਰਵਾਉਣ ਲਈ ਕੀਤੇ ਗਏ ਵਾਅਦੇ ਲਾਗੂ ਕਰਵਾਉਣੇ ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਪ੍ਰਾਪਤ ਕਰਨਾ ਤੇ 23 ਫਸਲਾਂ ਦੀ ਸਰਕਾਰੀ ਖਰੀਦ ਦੀ ਗਾਰੰਟੀ ਲੈਣੀ ਹੈ । ਕੇਂਦਰ ਸਰਕਾਰ ਹਰ ਸਾਲ ਕਣਕ, ਝੋਨਾ, ਬਾਜਰਾ, ਮੱਕੀ, ਰਾਗੀ, ਅਰਹਰ, ਮੂੰਗੀ, ਮਾਂਹ, ਮੂੰਗਫਲੀ, ਸੋਇਆਬੀਨ, ਸੂਰਜਮੁਖੀ, ਤਿਲ, ਕਪਾਹ, ਕਾਲੇ ਛੋਲੇ, ਮਸਰ, ਸਰ੍ਹੋਂ ਅਤੇ ਸਣ ਆਦਿ ਦਾ ਘੱਟੋ-ਘੱਟ ਸਮਰਥਨ ਮੁੱਲ ਘੋਸ਼ਿਤ ਕਰਦੀ ਹੈ ਪਰ ਕਣਕ ਤੇ ਝੋਨੇ ਤੋਂ ਇਲਾਵਾ ਸਰਕਾਰੀ ਏਜੰਸੀਆਂ ਬਾਕੀ ਫਸਲਾਂ ਦੀ ਖਰੀਦ ਕਿਸੇ ਐਮਰਜੈਂਸੀ ਵੇਲੇ ਹੀ ਕਰਦੀਆਂ ਹਨ । ਇਸ ਸਬੰਧੀ ਸਰਕਾਰ ਵੱਲੋਂ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਨਾ ਤਾਂ ਉਸ ਕੋਲ ਇਹ ਫਸਲਾਂ ਖਰੀਦਣ ਜੋਗਾ ਸਰਮਾਇਆ ਹੈ ਤੇ ਨਾ ਹੀ ਸਟੋਰ ਕਰਨ ਵਾਸਤੇ ਗੁਦਾਮ ਮੁਹੱਈਆ ਹਨ । ਐੱਮ ਐੱਸ ਪੀ ਵਾਲੀਆਂ ਕਈ ਫਸਲਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਸਟੋਰ ਕਰਨ ਲਈ ਖਾਸ ਕਿਸਮ ਦੇ ਗੁਦਾਮਾਂ ਦੀ ਜ਼ਰੂਰਤ ਪੈਂਦੀ ਹੈ ਕਿਉਂਕਿ ਉਹ ਜਲਦੀ ਖਰਾਬ ਹੋ ਜਾਂਦੀਆਂ ਹਨ । ਕਣਕ ਤੇ ਝੋਨੇ ਨੂੰ ਛੱਡ ਕੇ ਬਾਕੀ ਤਕਰੀਬਨ ਸਾਰੀਆਂ ਫਸਲਾਂ ਵੇਚਣ ਲਈ ਕਿਸਾਨ ਪੂਰੀ ਤਰ੍ਹਾਂ ਵਪਾਰੀਆਂ 'ਤੇ ਨਿਰਭਰ ਹਨ । ਵਪਾਰੀ ਇਸ ਗੱਲ ਦਾ ਫਾਇਦਾ ਉਠਾਉਂਦੇ ਹਨ ਤੇ ਐੱਮ ਐੱਸ ਪੀ ਤੋਂ ਕਿਤੇ ਘੱਟ ਰੇਟ 'ਤੇ ਫਸਲਾਂ ਖਰੀਦ ਕੇ ਕਿਸਾਨਾਂ ਦੀ ਰੱਜ ਕੇ ਛਿੱਲ ਲਾਹੁੰਦੇ ਹਨ । ਇਹੀ ਕਾਰਨ ਹੈ ਕਿ ਪੰਜਾਬ, ਹਰਿਆਣਾ ਅਤੇ ਹੋਰ ਖੇਤੀ ਪ੍ਰਧਾਨ ਸੂਬਿਆਂ ਵਿਚ ਬਦਲਵੇਂ ਫਸਲੀ ਚੱਕਰ ਕਾਮਯਾਬ ਨਹੀਂ ਹੋ ਸਕੇ । ਇਸ ਵਾਰ ਕਿਸਾਨ ਯੂਨੀਅਨਾਂ ਤੇ ਕੇਂਦਰੀ ਮੰਤਰੀਆਂ ਦੇ ਵਫਦ ਦਰਮਿਆਨ ਗੱਲਬਾਤ ਦੇ ਕਈ ਦੌਰ ਚੱਲੇ ਸਨ ਪਰ ਕੋਈ ਹੱਲ ਨਹੀਂ ਨਿਕਲ ਸਕਿਆ । ਕੇਂਦਰ ਨੇ ਪੇਸ਼ਕਸ਼ ਕੀਤੀ ਸੀ ਕਿ ਉਹ ਪੰਜ ਫਸਲਾਂ (ਕਪਾਹ, ਮਾਂਹ, ਰਾਜਮਾਂਹ, ਮੱਕੀ ਅਤੇ ਮਟਰ) ਨੂੰ ਪੰਜ ਸਾਲਾਂ ਤੱਕ ਕਿਸਾਨਾਂ ਤੋਂ ਖਰੀਦਣ ਲਈ ਲਿਖ ਕੇ ਗਾਰੰਟੀ ਦੇਣ ਵਾਸਤੇ ਤਿਆਰ ਹੈ ਪਰ ਕਿਸਾਨ 23 ਫਸਲਾਂ ਦੀ ਖਰੀਦ 'ਤੇ ਅੜੇ ਹੋਏ ਹਨ । ਕਣਕ ਤੇ ਝੋਨਾ ਬੀਜਣ ਵਾਲੇ ਭਾਰਤ ਦੇ ਲਗਭਗ 13 ਕਰੋੜ ਮੱਧ ਵਰਗੀ ਤੇ ਛੋਟੇ ਕਿਸਾਨਾਂ ਦੇ ਜੀਵਨ ਨਿਰਬਾਹ ਲਈ ਫਸਲ ਦਾ ਐੱਮ ਐੱਸ ਪੀ ਜਾਂ ਉਸ ਤੋਂ ਵੱਧ ਰੇਟ 'ਤੇ ਵਿਕਣਾ ਅਤਿਅੰਤ ਜ਼ਰੂਰੀ ਹੈ । ਸੰਨ 2021-22 ਦੇ ਕਿਸਾਨ ਸੰਘਰਸ਼ ਤੋਂ ਬਾਅਦ ਮੰਡੀਆਂ ਵਿਚ ਸਰਕਾਰ ਦੀ ਦਖਲਅੰਦਾਜ਼ੀ ਬਾਰੇ ਅਰਥ-ਸ਼ਾਸਤਰੀਆਂ ਦਰਮਿਆਨੇ ਇਕ ਤਿੱਖੀ ਬਹਿਸ ਚੱਲ ਰਹੀ ਹੈ ।

ਕੁਝ ਅਰਥ-ਸ਼ਾਸਤਰੀਆਂ ਦਾ ਕਹਿਣਾ ਹੈ ਕਿ ਐੱਮ ਐੱਸ ਪੀ 'ਤੇ ਸਖਤੀ ਨਾਲ ਅਮਲ ਕਰਨ ਨਾਲ ਵਪਾਰੀ ਮੰਡੀਆਂ ਵਿੱਚੋਂ ਫਸਲਾਂ ਖਰੀਦਣ ਤੋਂ ਝਿਜਕਣਗੇ । ਇਸ ਕਾਰਨ ਕਿਸਾਨਾਂ ਨੂੰ ਫਾਇਦਾ ਹੋਣ ਦੀ ਬਜਾਏ ਉਲਟਾ ਨੁਕਸਾਨ ਉਠਾਉਣਾ ਪੈ ਸਕਦਾ ਹੈ । ਪਰ ਕੁਝ ਅਰਥ-ਸ਼ਾਸਤਰੀਆਂ ਦਾ ਕਹਿਣਾ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਕਾਰਨ ਕਿਸਾਨਾਂ ਨੂੰ ਵਪਾਰੀਆਂ ਨਾਲ ਫਸਲਾਂ ਦੇ ਰੇਟ ਬਾਰੇ ਸੌਦੇਬਾਜ਼ੀ ਕਰਨ ਲਈ ਇਕ ਠੋਸ ਪਲੇਟਫਾਰਮ ਹਾਸਲ ਹੋ ਸਕਦਾ ਹੈ । ਉਹ ਆਪਣੀ ਫਸਲ ਸਰਕਾਰ ਜਾਂ ਵਪਾਰੀ, ਜੋ ਵੀ ਵੱਧ ਰੇਟ ਦੇਵੇ, ਨੂੰ ਵੇਚਣ ਦੇ ਕਾਬਲ ਹੋ ਜਾਣਗੇ । ਇਸ ਨਾਲ ਮੁਕਾਬਲੇਬਾਜ਼ੀ ਦੀ ਭਾਵਨਾ ਵੱਧ ਜਾਵੇਗੀ ਤੇ ਕਿਸਾਨਾਂ ਨੂੰ ਫਾਇਦਾ ਹੋਵੇਗਾ । ਪੂਸਾ ਯੂਨੀਵਰਸਿਟੀ ਵੱਲੋਂ ਸੰਨ 2000 ਤੋਂ 2012 ਦੇ ਸਾਲਾਂ ਨੂੰ ਸਾਹਮਣੇ ਰੱਖ ਕੇ ਇਕ ਸਰਵੇਖਣ ਕੀਤਾ ਗਿਆ ਸੀ । ਇਸ ਸਰਵੇਖਣ ਵਿਚ ਇਹ ਤੱਥ ਸਾਹਮਣੇ ਆਇਆ ਹੈ ਕਿ ਮੰਡੀ ਸਿਸਟਮ ਨੂੰ ਸਖਤੀ ਨਾਲ ਲਾਗੂ ਕਰਨ ਵਾਲੇ ਪੰਜਾਬ, ਹਰਿਆਣਾ ਅਤੇ ਮੱਧ ਪ੍ਰਦੇਸ਼ ਆਦਿ ਰਾਜਾਂ ਵਿਚ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਇਆ ਹੈ ਤੇ ਮੰਡੀ ਸਿਸਟਮ ਦੀ ਅਣਦੇਖੀ ਕਰਨ ਵਾਲੇ ਬਿਹਾਰ, ਕਰਨਾਟਕ ਤੇ ਗੁਜਰਾਤ ਆਦਿ ਰਾਜਾਂ ਦੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਉਠਾਉਣਾ ਪਿਆ ਹੈ । ਘੱਟੋ-ਘੱਟ ਸਮਰਥਨ ਮੁੱਲ 'ਤੇ ਸਰਕਾਰ ਵੱਲੋਂ ਖਰੀਦ ਦੀ ਗਾਰੰਟੀ ਦੇਣ ਦਾ ਕਿਸਾਨਾਂ ਨੂੰ ਦੋ ਤਰ੍ਹਾਂ ਨਾਲ ਫਾਇਦਾ ਹੋਣ ਦੀ ਉਮੀਦ ਹੈ । ਪਹਿਲਾ ਇਹ ਕਿ ਉਹ ਸਰਕਾਰ ਨੂੰ ਫਸਲ ਵੇਚ ਕੇ ਸਹੀ ਮੁੱਲ ਪ੍ਰਾਪਤ ਕਰ ਸਕਣਗੇ ।

ਦੂਸਰਾ, ਇਹ ਕਿ ਮੰਡੀਆਂ ਵਿਚ ਸਰਕਾਰ ਦੀ ਮੌਜੂਦਗੀ ਹੋਣ ਕਾਰਨ ਵਪਾਰੀਆਂ ਨੂੰ ਸਰਕਾਰ ਨਾਲੋਂ ਵੱਧ ਰੇਟ ਦੇ ਕੇ ਫਸਲ ਖਰੀਦਣੀ ਪਵੇਗੀ ਜਿਸ ਦਾ ਸਿੱਧਾ ਫਾਇਦਾ ਕਿਸਾਨਾਂ ਨੂੰ ਹੋਵੇਗਾ । ਇਹ ਵਰਤਾਰਾ ਮੈਂ ਅੰਮ੍ਰਿਤਸਰ ਦਾਣਾ ਮੰਡੀ ਵਿਚ ਆਪਣੀ ਅੱਖੀਂ ਵੇਖਿਆ ਹੈ । ਜਿਸ ਸਾਲ ਸਰਕਾਰੀ ਖਰੀਦ ਨਹੀਂ ਸੀ ਆਉਂਦੀ, ਉਸ ਸਾਲ ਵਪਾਰੀ ਕਿਸਾਨਾਂ ਕੋਲੋਂ ਝੋਨਾ ਸਸਤਾ ਖਰੀਦਣ ਲਈ ਢੇਰੀਆਂ ਵਿਚ ਸੌ-ਸੌ ਨੁਕਸ ਕੱਢਦੇ ਸਨ । ਦਾਣਾ ਹਰਾ ਹੈ, ਦਾਣਾ ਕਾਲਾ ਪੈ ਗਿਆ ਹੈ, ਨਮੀਂ ਵੱਧ ਹੈ ਜਾਂ ਟੋਟਾ ਜ਼ਿਆਦਾ ਹੋਣ ਦਾ ਬਹਾਨਾ ਲਗਾ ਕੇ ਰੇਟ ਥੱਲੇ ਸੁੱਟ ਦਿੱਤਾ ਜਾਂਦਾ ਸੀ । ਪਰ ਜਿਸ ਸਾਲ ਸਰਕਾਰੀ ਖਰੀਦ ਹੁੰਦੀ ਸੀ, ਉਸ ਸਾਲ ਵਪਾਰੀਆਂ ਨੂੰ ਝੋਨੇ ਵਿਚ ਕੋਈ ਨੁਕਸ ਨਜ਼ਰ ਨਹੀਂ ਸੀ ਆਉਂਦਾ ਤੇ ਸਰਕਾਰੀ ਰੇਟ ਤੋਂ ਵੱਧ ਪੈਸੇ ਦੇ ਕੇ ਫਟਾਫਟ ਝੋਨਾ ਖਰੀਦ ਲੈਂਦੇ ਸਨ । ਭਾਰਤ ਸਰਕਾਰ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮਹਿਕਮੇ ਨੇ ਇਕ ਰਿਪੋਰਟ ਜਾਰੀ ਕੀਤੀ ਹੈ । ਜਿਸ ਵਿਚ ਇਹ ਤੱਥ ਸਾਹਮਣੇ ਆਏ ਹਨ ਕਿ 2017 ਤੇ 2021 ਵਿਚ ਹਰਿਆਣਾ ਅਤੇ ਛੱਤੀਸਗੜ੍ਹ ਦੇ ਕਿਸਾਨਾਂ ਨੂੰ ਝੋਨੇ ਦਾ ਰੇਟ ਐੱਮ ਐੱਸ ਪੀ ਤੋਂ ਕਿਤੇ ਵੱਧ ਪ੍ਰਾਪਤ ਹੋਇਆ ਸੀ ਕਿਉਂਕਿ ਉਸ ਸਮੇਂ ਇਨ੍ਹਾਂ ਰਾਜਾਂ ਦਾ 70% ਝੋਨਾ ਕੇਂਦਰੀ ਤੇ ਸੂਬਾਈ ਏਜੰਸੀਆਂ ਨੇ ਖਰੀਦਿਆ ਸੀ ।

ਜੇ ਸਰਕਾਰ ਐੱਮ ਐੱਸ ਪੀ 'ਤੇ ਫਸਲਾਂ ਖਰੀਦਣ ਦੀ ਗਾਰੰਟੀ ਦੇ ਵੀ ਦਿੰਦੀ ਹੈ ਤਾਂ ਵੀ ਕੁਝ ਸਾਲਾਂ ਬਾਅਦ ਇਸ ਦਾ ਹਸ਼ਰ ਨਰੇਗਾ ਰੁਜ਼ਗਾਰ ਸਕੀਮ ਵਰਗਾ ਹੀ ਹੋ ਜਾਣ ਦੀ ਸ਼ੰਕਾ ਹੈ । ਨਰੇਗਾ ਦੀ ਸ਼ੁਰੂਆਤੀ ਕਾਮਯਾਬੀ ਨੇ ਮਜ਼ਦੂਰਾਂ ਦੀ ਉਜਰਤ ਵਧਾਉਣ ਤੇ ਸਮਾਜਿਕ-ਆਰਥਿਕ ਪਾੜੇ ਨੂੰ ਘੱਟ ਕਰਨ ਵਿਚ ਚਮਤਕਾਰੀ ਯੋਗਦਾਨ ਪਾਇਆ ਸੀ । ਪਰ ਹੁਣ ਹਾਲਾਤ ਅਜਿਹੇ ਹੋ ਗਏ ਹਨ ਕਿ ਭਾਰਤ ਦਾ ਇਕ ਵੀ ਸੂਬਾ ਮਜ਼ਦੂਰਾਂ ਨੂੰ ਸਾਲ ਵਿਚ ਘੱਟ ਤੋਂ ਘੱਟ 100 ਦਿਨ ਰੁਜ਼ਗਾਰ ਦੇਣ ਦਾ ਟੀਚਾ ਪੂਰਾ ਨਹੀਂ ਕਰ ਰਿਹਾ । ਸੰਨ 2021-22 ਵਿਚ ਮਜ਼ਦੂਰਾਂ ਨੂੰ ਕੌਮੀ ਪੱਧਰ 'ਤੇ ਸਾਲ ਵਿਚ ਔਸਤਨ ਸਿਰਫ 50 ਦਿਨ ਹੀ ਕੰਮ ਮਿਲਿਆ ਸੀ । ਰਾਜਸਥਾਨ, ਕੇਰਲ ਅਤੇ ਆਂਧਰ ਪ੍ਰਦੇਸ਼ ਵਰਗੇ ਚੰਦ ਸੂਬਿਆਂ ਨੇ ਹੀ 50 ਦਿਨ ਤੋਂ ਵੱਧ ਕੰਮ ਦਿੱਤਾ ਸੀ ਤੇ ਅਸਾਮ, ਉੱਤਰ ਪ੍ਰਦੇਸ਼ ਤੇ ਬਿਹਾਰ ਆਦਿ ਨੇ ਤਾਂ 30-32 ਦਿਨ ਹੀ ਕੰਮ ਦਿੱਤਾ ਹੈ । ਇਹ ਬਿਲਕੁਲ ਮੁਮਕਿਨ ਹੈ ਕਿ ਸੰਸਦੀ ਚੋਣਾਂ ਨਜ਼ਦੀਕ ਹੋਣ ਕਾਰਨ ਰਾਜਨੀਤਕ ਮਜਬੂਰੀ ਵੱਸ ਐੱਮ ਐੱਸ ਪੀ 'ਤੇ ਸਰਕਾਰੀ ਖਰੀਦ ਦੀ ਗਾਰੰਟੀ ਤਾਂ ਦੇ ਦਿੱਤੀ ਜਾਵੇ ਤੇ ਚੋਣਾਂ ਤੋਂ ਬਾਅਦ ਇਸ ਗਾਰੰਟੀ ਦਾ ਹਾਲ ਵੀ ਨਰੇਗਾ ਸਕੀਮ ਵਰਗਾ ਹੋ ਜਾਵੇ । ਵੈਸੇ ਵੀ ਕੇਂਦਰ ਸਰਕਾਰ ਨੂੰ ਆਸਟ੍ਰੇਲੀਆ ਵਰਗੇ ਦੇਸ਼ਾਂ ਤੋਂ ਆਯਾਤ ਕੀਤੀ ਗਈ ਕਣਕ, ਘਰੇਲੂ ਮੰਡੀਆਂ ਤੋਂ ਖਰੀਦੀ ਜਾਣ ਵਾਲਾ ਕਣਕ ਨਾਲੋਂ ਸਸਤੀ ਪੈਂਦੀ ਹੈ । ਇਸ ਕਾਰਨ ਐੱਮ ਐੱਸ ਪੀ ਭਾਵੇਂ 23 ਫਸਲਾਂ ਦੀ ਦਿੱਤੀ ਜਾਂਦੀ ਹੈ ਕਿਉਂਕਿ 81 ਕਰੋੜ ਦੇ ਲਗਭਗ ਗਰੀਬਾਂ ਨੂੰ ਮੁਫਤ ਰਾਸ਼ਨ ਦੇਣ ਵਾਲੀ ਸਕੀਮ ਵਾਸਤੇ ਲੋੜ ਅਨੁਸਾਰ ਕਣਕ-ਝੋਨਾ ਖਰੀਦਣਾ ਕੇਂਦਰ ਸਰਕਾਰ ਦੀ ਮਜਬੂਰੀ ਬਣ ਗਈ ਹੈ । ਪਰ ਸਰਕਾਰ ਨੂੰ ਉਸ ਵੇਲੇ ਮੰਡੀਆਂ ਵਿਚ ਜ਼ਰੂਰ ਦਖਲ ਦੇਣਾ ਚਾਹੀਦਾ ਹੈ ਜਦੋਂ ਕਿਸੇ ਸੂਬੇ ਵਿਚ ਫਸਲਾਂ ਐੱਮ ਐੱਸ ਪੀ 'ਤੋਂ ਘੱਟ ਭਾਅ 'ਤੇ ਵਿਕ ਰਹੀਆਂ ਹੋਣ ਤੇ ਕਿਸਾਨਾਂ ਦਾ ਨੁਕਸਾਨ ਹੋ ਰਿਹਾ ਹੋਵੇ । ਕਿਸਾਨਾਂ ਨੂੰ ਸਰਕਾਰ ਤੋਂ ਇਹ ਕਤਈ ਉਮੀਦ ਨਹੀਂ ਕਿ ਉਹ ਅਜਿਹੇ ਨਾਜ਼ੁਕ ਮੌਕੇ ਉਨ੍ਹਾਂ ਦੀ ਮਦਦ ਲਈ ਬਹੁੜੇਗੀ । ਇਸ ਕਾਰਨ ਉਹ ਲਿਖਤੀ ਗਾਰੰਟੀ ਦੀ ਮੰਗ ਕਰ ਰਹੇ ਹਨ ।

ਫਸਲਾਂ ਦੀ ਖਰੀਦ ਸਬੰਧੀ ਵੀ ਅਰਥ-ਸ਼ਾਸਤਰੀਆਂ ਦੇ ਵਿਚਾਰ ਅਲੱਗ-ਅਲੱਗ ਹਨ । ਕੁਝ ਦਾ ਕਹਿਣਾ ਹੈ ਕਿ ਸਰਕਾਰ ਨੂੰ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਣਾ ਚਾਹੀਦਾ ਹੈ ਤੇ ਕੁਝ ਦਾ ਵਿਚਾਰ ਹੈ ਕਿ ਸਰਕਾਰ ਨੂੰ ਫਸਲਾਂ ਦੀ ਖਰੀਦ ਵਿਚ ਉਨ੍ਹਾਂ ਹੀ ਦਖਲ ਦੇਣਾ ਚਾਹੀਦਾ ਹੈ ਜਿਸ ਨਾਲ ਕਿਸਾਨਾਂ ਨੂੰ ਘੱਟ ਤੋਂ ਘੱਟ ਐੱਮ ਐੱਸ ਪੀ ਦੇ ਬਰਾਬਰ ਦਾ ਰੇਟ ਮਿਲਦਾ ਰਹੇ । ਹੋ ਸਕਦਾ ਹੈ ਕਿ ਜਿਨ੍ਹਾਂ ਸੂਬਿਆਂ ਵਿਚ ਕੇਂਦਰ ਵਿਚ ਸੱਤਾਧਾਰੀ ਪਾਰਟੀ ਦੀਆਂ ਸਰਕਾਰਾਂ ਹੋਣ, ਉੱਥੇ ਐੱਮ ਐੱਸ ਪੀ ਦੇ ਮੁਤਾਬਕ ਖਰੀਦ ਕਰ ਲਈ ਜਾਵੇ ਤੇ ਜਿੱਥੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹੋਣ, ਉੱਥੇ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਘੱਟ ਜਾਂ ਬਿਲਕੁਲ ਹੀ ਖਰੀਦ ਨਾ ਕੀਤੀ ਜਾਵੇ । ਫਿਲਹਾਲ ਤਾਂ 'ਤੇਲ ਵੇਖੋ, ਤੇਲ ਦੀ ਧਾਰ ਵੇਖੋ' ਵਾਲਾ ਮਾਮਲਾ ਬਣਿਆ ਹੋਇਆ ਹੈ ਤੇ ਕਿਸਾਨ ਤੇ ਕੇਂਦਰ ਸਰਕਾਰ ਆਪੋ-ਆਪਣੇ ਸਟੈਂਡ 'ਤੇ ਅੜੇ ਹੋਏ ਹਨ । ਊਠ ਕਿਸ ਕਰਵਟ ਬੈਠਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ ।




# ਪੰਜਾਬ ਦਾ ਆਰਥਿਕ ਵਿਕਾਸ ਕਿਵੇਂ ਹੋਵੇ?



ਪੰਜਾਬ ਦੇ ਅਰਥਚਾਰੇ ਵਿਚ ਵਿਕਾਸ ਤਾਂ ਹੋ ਰਿਹਾ ਹੈ ਪਰ ਇਸ ਦੀ ਗਤੀ ਹੋਰਨਾਂ ਸੂਬਿਆਂ ਨਾਲੋਂ ਮੱਠੀ ਹੈ। 2012 ਤੋਂ 2022 ਤੱਕ ਇਸ ਦੀ ਔਸਤ ਦਰ 5.04 ਫੀਸਦ ਰਹੀ ਹੈ ਜੋ ਗੁਜਰਾਤ (8.41 ਫੀਸਦ), ਕਰਨਾਟਕ (7.43 ਫੀਸਦ), ਹਰਿਆਣਾ (6.82 ਫੀਸਦ), ਮੱਧ ਪ੍ਰਦੇਸ਼ (6.75 ਫੀਸਦ), ਤਿਲੰਗਾਨਾ (6.62 ਫੀਸਦ), ਉੜੀਸਾ (6.59 ਫੀਸਦ)ਅਤੇ ਤਾਮਿਲਨਾਡੂ(6.01 ਫੀਸਦ) ਨਾਲੋਂ ਨੀਵੀਂ ਹੈ। ਪੰਜਾਬ ਦੀ ਵਿਕਾਸ ਦਰ ਨੀਵੀਂ ਰਹਿਣ ਪਿੱਛੇ ਮੁੱਖ ਤੌਰ 'ਤੇ ਚਾਰ ਕਾਰਕ ਗਿਣਾਏ ਜਾਂਦੇ ਹਨ : 1) ਸੂਬੇ ਨੇ ਵੱਡੇ ਪੈਮਾਨੇ 'ਤੇ ਸਨਅਤ ਨੂੰ ਵਿਕਸਤ ਕਰਨ ਲਈ ਭਾਰੀ ਅਤੇ ਪੂੰਜੀਗਤ ਵਸਤਾਂ ਦੇ ਸਨਅਤੀ ਮਾਡਲ ਜੋ ਮਹਾਲਾਨੋਬਿਸ ਮਾਡਲ ਵਜੋਂ ਜਾਣਿਆ ਜਾਂਦਾ ਹੈ, ਦਾ ਲਾਹਾ ਨਹੀਂ ਲਿਆ; 2) ਖੇਤੀਬਾੜੀ ਨੂੰ ਹੁਲਾਰਾ ਦੇਣ ਵਾਲੀ ਹਰੀ ਕ੍ਰਾਂਤੀ ਨੂੰ ਢੁਕਵੇਂ ਰੂਪ ਵਿਚ ਸਨਅਤ ਨਾਲ ਨਹੀਂ ਜੋੜਿਆ; 3) ਸੂਚਨਾ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਪੂਰਾ ਫਾਇਦਾ ਨਹੀਂ ਲਿਆ; 4) ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਇੰਟਰ ਨੈੱਟ ਅਤੇ ਆਫ ਥਿੰਗਜ਼ (ਵਸਤਾਂ ਦੇ ਇੰਟਰਨੈੱਟ) ਦੀ ਅਗਵਾਈ ਵਾਲੀ ਚੌਥੀ ਸਨਅਤੀ ਕ੍ਰਾਂਤੀ ਲਈ ਹੁੰਗਾਰਾ ਮੱਠਾ ਰਿਹਾ ਹੈ। ਜੇ ਪੰਜਾਬ ਨੇ ਵਿਕਾਸ ਲਈ ਇਨ੍ਹਾਂ ਅਵਸਰਾਂ ਦਾ ਨਿੱਠ ਕੇ ਫਾਇਦਾ ਲਿਆ ਹੁੰਦਾ ਤਾਂ ਇਸ ਦੇ ਅਰਥਚਾਰੇ ਵਿਚ ਚੱਲ ਰਹੀ ਮੰਦੀ ਤੋਂ ਬਚਾਓ ਕੀਤਾ ਜਾ ਸਕਦਾ ਸੀ। ਉਂਝ, ਆਰਥਿਕ ਵਿਕਾਸ ਲਈ ਇਨ੍ਹਾਂ ਅਵਸਰਾਂ ਦੀ ਯੋਗ ਵਰਤੋਂ ਦੀਆਂ ਰਣਨੀਤੀਆਂ ਘੜਨ ਵਿਚ ਹਾਲੇ ਵੀ ਬਹੁਤੀ ਦੇਰ ਨਹੀਂ ਹੋਈ।

ਪੰਜਾਬ ਨੇ ਜੋ ਪਹਿਲਾਂ ਮੌਕਾ ਖੁੰਝਾਇਆ, ਉਹ ਭਾਰੀ ਸਨਅਤੀ ਮਾਡਲ ਨਾਲ ਸਬੰਧਿਤ ਸੀ। ਇਹ ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਅਪਣਾਇਆ ਗਿਆ ਸੀ। ਇਸ ਮਾਡਲ ਤਹਿਤ ਭਾਰੀਆਂ ਅਤੇ ਬੁਨਿਆਦੀ ਸਨਅਤਾਂ ਵਿਕਸਤ ਕਰਨ ਲਈ ਤਰਜੀਹ ਦਿੱਤੀ ਗਈ ਸੀ। ਸਨਅਤੀ ਨੀਤੀ ਮਤੇ-1956 ਵਿਚ ਤੈਅ ਕੀਤਾ ਗਿਆ ਸੀ ਕਿ ਇਹ ਸਨਅਤਾਂ ਜਨਤਕ ਖੇਤਰ ਵਿਚ ਲਾਈਆਂ ਜਾਣਗੀਆਂ। ਕੇਂਦਰ ਦੇ ਜਨਤਕ ਖੇਤਰ ਦੇ ਉਦਮਾਂ (ਸੀ ਪੀ ਐੱਸ ਈਜ਼) ਵਿਚ ਨਿਵੇਸ਼ ਅਤੇ ਰੁਜ਼ਗਾਰ ਦਾ ਵੱਡਾ ਹਿੱਸਾ ਮਹਾਂਰਾਸ਼ਟਰ, ਉੱਤਰ ਪ੍ਰਦੇਸ਼, ਤਾਮਿਲਨਾਡੂ, ਉੜੀਸਾ, ਗੁਜਰਾਤ, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਕਰਨਾਟਕ ਜਿਹੇ ਸੂਬਿਆਂ ਨੂੰ ਦਿੱਤਾ ਗਿਆ। ਪੂੰਜੀ ਅਤੇ ਰੁਜ਼ਗਾਰ ਦੇ ਲਿਹਾਜ਼ ਤੋਂ ਕੇਂਦਰੀ ਉਦਮਾਂ ਵਿੱਚੋਂ ਪੰਜਾਬ ਨੂੰ ਮਾਮੂਲੀ ਹਿੱਸਾ ਹੀ ਮਿਲ ਸਕਿਆ। ਜਨਤਕ ਉਦਮ ਸਰਵੇਖਣ 2022-23 ਅਨੁਸਾਰ ਕੇਂਦਰੀ ਜਨਤਕ ਖੇਤਰ ਦੇ ਉੱਦਮਾਂ ਦੇ ਪੂੰਜੀਗਤ ਅਸਾਸਿਆਂ ਦੀ ਕੁੱਲ ਕੀਮਤ ਦਾ ਮਹਿਜ਼ 0.87 ਫੀਸਦ ਹਿੱਸਾ ਹੀ ਮਿਲਿਆ ਅਤੇ ਕੁੱਲ ਰੁਜ਼ਗਾਰ ਵਿਚ ਇਨ੍ਹਾਂ ਉੱਦਮਾਂ ਦਾ ਹਿੱਸਾ ਮਹਿਜ਼ 1.85 ਫੀਸਦ ਹੈ। ਸੀ ਪੀ ਐੱਸ ਈਜ਼ ਦੇ ਇਸ ਮਾਮੂਲੀ ਜਿਹੇ ਨਿਵੇਸ਼ ਕਰ ਕੇ ਪੰਜਾਬ ਭਾਰੀ ਸਨਅਤਾਂ ਦਾ ਵਿਕਾਸ ਕਰਨ ਤੋਂ ਵਿਰਵਾ ਰਹਿ ਗਿਆ ਜਿਵੇਂ ਸਨਅਤੀ ਵਿਕਾਸ ਦੇ ਢਾਂਚੇ ਤੋਂ ਖੁਲਾਸਾ ਹੁੰਦਾ ਹੈ ਕਿ ਪੰਜਾਬ ਦੀਆਂ ਕੁੱਲ ਸਨਅਤੀ ਇਕਾਈਆਂ ਦੀ ਸੰਖਿਆ ਇਕ ਫੀਸਦ ਤੋਂ ਵੀ ਘੱਟ ਬਣਦੀ ਹੈ।

ਪੰਜਾਬ ਆਪਣੀ ਖੇਤੀਬਾੜੀ ਅਤੇ ਸਨਅਤ ਵਿਚਾਕਾਰਲੇ ਸੂਤਰਾਂ ਨੂੰ ਮਜ਼ਬੂਤ ਕਰਨ ਵਿਚ ਨਾਕਾਮ ਰਿਹਾ ਹੈ। ਕੇਂਦਰ ਸਰਕਾਰ ਨੇ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮਨਸ਼ੇ ਨਾਲ ਹਰੀ ਕ੍ਰਾਂਤੀ ਦਾ ਪ੍ਰੋਗਰਾਮ ਵਿੱਢਿਆ। ਪੰਜਾਬ ਕਣਕ ਝੋਨੇ ਦੇ ਉਤਪਾਦਨ ਵਿਚ ਸੁਧਾਰ ਕਰਨ ਦੇ ਮਾਮਲੇ ਵਿਚ ਮੋਹਰੀ ਸੂਬੇ ਵਜੋਂ ਉਭਰਿਆ। ਇਨ੍ਹਾਂ ਫਸਲਾਂ ਦਾ ਜ਼ਿਆਦਾਤਰ ਹਿੱਸਾ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਿਆ ਜਾਂਦਾ ਸੀ ਜੋ ਬਾਅਦ ਵਿਚ ਕੇਂਦਰੀ ਪੂਲ ਵਿਚ ਚਲਾ ਜਾਂਦਾ ਸੀ। ਪੰਜਾਬ ਵਿਚ ਮੁਲਕ ਦੇ ਦੂਜੇ ਹਿੱਸਿਆਂ ਵਿਚ ਬਰਾਮਦ ਕਰਨ ਤੋਂ ਪਹਿਲਾਂ ਅਨਾਜ ਵਿਚ ਕੋਈ ਮੁੱਲ ਵਾਧਾ (ਵੈਲਿਊ ਐਡੀਸ਼ਨ) ਨਹੀਂ ਕੀਤਾ ਜਾਂਦਾ। ਪੰਜਾਬ ਦੇ ਕਿਸਾਨਾਂ ਅਤੇ ਰਾਜ ਸਰਕਾਰ ਨੂੰ ਖੇਤੀਬਾੜੀ ਵਿਚ ਹੋਏ ਵਿਕਾਸ ਦਾ ਲਾਭ ਮਿਲਿਆ ਪਰ ਇਸ ਨੂੰ ਖੇਤੀਬਾੜੀ ਤੋਂ ਅਗਾਂਹ ਰਾਜ ਦਾ ਭਵਿੱਖ ਨਹੀਂ ਵਿਉਤਿਆ ਜਿਸ ਕਰਕੇ ਖੇਤੀਬਾੜੀ ਦੀ ਸਫਲਤਾ ਨੂੰ ਸਨਅਤੀ ਵਿਕਾਸ ਨਾਲ ਇਕਜੁੱਟ ਕਰਨ ਦੀ ਵਿਉਂਤਬੰਦੀ ਨਹੀਂ ਕੀਤੀ ਜਾ ਸਕੀ। ਜੇ ਵਿਕਸਤ ਖੇਤੀਬਾੜੀ ਖੇਤਰ ਅਤੇ ਸਨਅਤ



ਬੀ ਐੱਸ ਘੁੰਮਣ,
ਸਾਬਕਾ ਉਪ ਕੁਲਪਤੀ,
ਪੰਜਾਬੀ ਯੂਨੀਵਰਸਿਟੀ ਪਟਿਆਲਾ

ਵਿਚਕਾਰ ਪੂਰਕ ਰਿਸ਼ਤੇ ਨੂੰ ਮਜ਼ਬੂਤ ਕਰਨ ਵਾਲਾ ਵਿਕਾਸ ਮਾਡਲ ਸਿਰਜਿਆ ਜਾਂਦਾ ਤਾਂ ਪੰਜਾਬ ਦੇ ਅਰਥਚਾਰੇ ਦੀ ਰਫਤਾਰ ਹੋਰਨਾਂ ਸੂਬਿਆਂ ਨਾਲੋਂ ਕਿਤੇ ਜ਼ਿਆਦਾ ਤੇਜ਼ ਹੋਣੀ ਸੀ।

ਪੰਜਾਬ ਕਾਫੀ ਹੱਦ ਤੱਕ ਸੂਚਨਾ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਵੀ ਲਾਹਾ ਨਹੀਂ ਲੈ ਸਕਿਆ ਹਾਲਾਂਕਿ ਇਥੇ ਤਕਨੀਕੀ ਸਿੱਖਿਆ ਸੰਸਥਾਵਾਂ ਦਾ ਵਿਕਸਤ ਢਾਂਚਾ ਅਤੇ ਸਿੱਖਿਅਤ ਤਕਨੀਕੀ ਗ੍ਰੈਜੂਏਟ ਮੌਜੂਦ ਹਨ। ਸੂਚਨਾ ਤਕਨਾਲੋਜੀ ਦੀ ਕ੍ਰਾਂਤੀ ਦੀ ਅਣਹੋਂਦ ਵਿਚ ਪੰਜਾਬ ਦੇ ਬਹੁਤੇ ਗ੍ਰੈਜੂਏਟਾਂ ਨੂੰ ਰੁਜ਼ਗਾਰ ਲਈ ਬੰਗਲੁਰੂ, ਹੈਦਰਾਬਾਦ, ਚੇਨਈ ਅਤੇ ਗੁਰੂਗ੍ਰਾਮ ਜਿਹੇ ਸ਼ਹਿਰਾਂ ਦਾ ਰੁਖ਼ ਕਰਨਾ ਪੈਂਦਾ ਹੈ। ਬਿਨਾਂ ਸ਼ੱਕ, ਪੰਜਾਬ ਵਿਚ ਖਾਸਕਰ ਮੁਹਾਲੀ 'ਚ ਆਈ ਟੀ ਹੱਬ ਵਿਕਸਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ ਅਤੇ ਸ਼ੁਰੂ ਵਿਚ ਇਨ੍ਹਾਂ ਨੂੰ ਆਈ ਟੀ ਕੰਪਨੀਆਂ ਦਾ ਚੰਗਾ ਹੁਲਾਰਾ ਵੀ ਮਿਲਿਆ ਪਰ ਸੂਚਨਾ ਤਕਨਾਲੋਜੀ ਨੀਤੀ ਨਾ ਹੋਣ ਕਰ ਕੇ ਮੁਹਾਲੀ, ਗੁਰੂਗ੍ਰਾਮ, ਬੰਗਲੂਰੂ, ਹੈਦਰਾਬਾਦ ਅਤੇ ਚੇਨਈ ਦੀਆਂ ਆਈ ਟੀ ਹੱਬਾਂ ਦੇ ਮੁਕਾਬਲੇ ਨਹੀਂ ਉੱਭਰ ਸਕਿਆ।

ਇਕ ਹੋਰ ਮੌਕਾ ਜੋ ਪੰਜਾਬ ਨੇ ਖੁੰਝਾਇਆ ਹੈ, ਉਹ ਚੌਥੀ ਸਨਅਤੀ ਕ੍ਰਾਂਤੀ ਨਾਲ ਜੁੜਿਆ ਹੈ। ਇਹ ਕ੍ਰਾਂਤੀ ਹੋਰਨਾਂ ਕਾਰਕਾਂ ਤੋਂ ਇਲਾਵਾ ਆਰਟੀਫੀਸ਼ੀਅਲ ਇੰਟੈਲੀਜੈਂਸ, ਇੰਟਰਨੈੱਟ ਆਫ ਥਿੰਗਜ਼ ਅਤੇ 3ਡੀ ਪ੍ਰਿੰਟਿੰਗ ਜਿਹੀਆਂ ਸਮਾਰਟ ਤਕਨਾਲੋਜੀਆਂ ਨਾਲ ਸੰਚਾਲਤ ਹੁੰਦਾ ਹੈ। ਇਸ ਕ੍ਰਾਂਤੀ ਦੀ ਸਫਲਤਾ ਮੁੱਖ ਤੌਰ 'ਤੇ ਸਨਅਤ ਅਤੇ ਸਿੱਖਿਆ ਸੰਸਥਾਵਾਂ ਵਿਚਕਾਰ ਸਾਂਝੇਦਾਰੀ ਉੱਪਰ ਮੁਨੱਸਰ ਕਰਦੀ ਹੈ। ਪੰਜਾਬ ਕੋਲ ਸਿੱਖਿਆ ਸੰਸਥਾਵਾਂ ਦਾ ਵਿਆਪਕ ਤਾਣਾ ਬਾਣਾ ਮੌਜੂਦ ਹੈ, ਜਿਨ੍ਹਾਂ ਵਿਚ 40 ਯੂਨੀਵਰਸਿਟੀਆਂ, 80 ਇੰਜਨੀਅਰਿੰਗ, ਤਕਨਾਲੋਜੀ ਤੇ ਆਰਕੀਟੈਕਚਰ ਕਾਲਜ, 499 ਆਰਟਸ, ਸਾਇੰਸ ਤੇ ਕਾਮਰਸ ਕਾਲਜ ਅਤੇ 12 ਮੈਡੀਕਲ ਕਾਲਜ ਸ਼ਾਮਲ ਹਨ ਪੰਜਾਬ ਵਿਚ ਅਜਿਹੀਆਂ ਕੰਪਨੀਆਂ ਮੌਜੂਦ ਹਨ ਜੋ ਸਮਾਰਟ ਤਕਨਾਲੋਜੀਆਂ ਦੇ ਖੇਤਰ ਵਿਚ ਸਰਗਰਮ ਹਨ। ਇਨ੍ਹਾਂ ਤੋਂ ਇਲਾਵਾ ਪੰਜਾਬ ਕੋਲ ਵਿਸ਼ਾਲ ਪਰਵਾਸੀ ਭਾਈਚਾਰਾ ਵੀ ਹੈ ਜਿਸ ਦਾ ਸਿੱਖਿਆ ਅਤੇ ਸਮਾਰਟ ਤਕਨਾਲੋਜੀਆਂ ਦੀ ਵਰਤੋਂ ਦੀਆਂ ਸਨਅਤਾਂ ਦਾ ਚੋਖਾ ਤਜਰਬਾ ਹੈ। ਮੰਦੇ ਭਾਗੀਂ ਪੰਜਾਬ ਵਿਚ ਸਾਰੇ ਹਿੱਤਧਾਰਕ ਆਪੋ-ਆਪਣੇ ਖੇਮਿਆਂ ਵਿਚ ਹੀ ਵਿਚਰ ਰਹੇ ਹਨ ਜਿਸ ਕਰ ਕੇ ਉਨ੍ਹਾਂ ਦਰਮਿਆਨ ਆਪਸੀ ਤਾਲਮੇਲ ਤੇ ਸਾਂਝ ਪੈਦਾ ਨਹੀਂ ਹੋ ਰਹੀ।

ਸਾਰੀਆਂ ਊਣਤਾਈਆਂ ਦੇ ਬਾਵਜੂਦ ਪੰਜਾਬ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਖੋਲ੍ਹ ਸਕਦਾ ਹੈ। 1991 ਵਿਚ ਆਰਥਿਕ ਸੁਧਾਰਾਂ ਕਰ ਕੇ ਜਨਤਕ ਖੇਤਰ ਦੀ ਭੂਮਿਕਾ ਵਿਚ ਕਮੀਂ ਆਉਣ ਦੇ ਬਾਵਜੂਦ ਪੰਜਾਬ ਆਪਣੇ ਜਨਤਕ ਉੱਦਮਾਂ ਵਿਚ ਨਵੀਂ ਰੂਹ ਫੂਕ ਕੇ ਸਰਕਾਰੀ ਨਿੱਜੀ ਭਿਆਲੀ ਮਾਡਲ ਦੀ ਵਰਤੋਂ ਕਰ ਕੇ ਭਾਰੀ ਸਨਅਤ ਦੇ ਫਾਇਦੇ ਚੁੱਕ ਸਕਦਾ ਹੈ। ਕੇਂਦਰ ਸਰਕਾਰ ਉੱਚ ਤਕਨੀਕੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਬਹੁਤ ਭਾਰੀ ਨਿਵੇਸ਼ ਕਰ ਰਹੀ ਹੈ। ਪੰਜਾਬ ਸਰਕਾਰ ਨੂੰ ਆਲਮੀ ਮਿਆਰ ਦਾ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਕੇਂਦਰ ਨੂੰ ਢੁਕਵੀਆਂ ਤਜਵੀਜ਼ਾਂ ਭੇਜਣੀਆਂ ਚਾਹੀਦੀਆਂ ਹਨ ਜਿਸ ਨਾਲ ਅਰਥਚਾਰੇ ਉੱਪਰ ਭਰਵਾਂ ਅਸਰ ਪੈ ਸਕਦਾ ਹੈ।

ਖੇਤੀਬਾੜੀ ਵਿਚ ਵਿਕਸਤ ਸੂਬਾ ਹੋਣ ਸਦਕਾ ਪੰਜਾਬ ਕੋਲ ਖੇਤੀ ਸਨਅਤਾਂ ਲਾਉਣ, ਖਾਸਕਰ ਫੂਡ ਪ੍ਰਾਸੈਸਿੰਗ ਅਤੇ ਖੇਤੀਬਾੜੀ ਦੀ ਰਹਿੰਦ ਖੂੰਹਦ ਆਧਾਰਿਤ ਊਰਜਾ ਪੈਦਾਵਾਰ ਨਾਲ ਸਬੰਧਿਤ ਅਥਾਹ ਸੰਭਾਵਨਾਵਾਂ ਹਨ। ਪੰਜਾਬ ਸਰਕਾਰ ਨੂੰ ਕਿਸਾਨਾਂ, ਨੌਜਵਾਨਾਂ ਅਤੇ ਸਨਅਤਕਾਰਾਂ ਨਾਲ ਸਲਾਹ ਮਸ਼ਵਰਾ ਕਰ ਕੇ ਅਜਿਹੀਆਂ ਸਨਅਤਾਂ ਵਿਕਸਤ ਕਰਨ ਲਈ ਖਾਕਾ ਤਿਆਰ ਕਰਨਾ ਚਾਹੀਦਾ ਹੈ। ਸੂਬਾ ਸਮੁੰਦਰੀ ਬੰਦਰਗਾਹ ਤੋਂ ਦੂਰ ਹੋਣ, ਖਣਿਜ ਪਦਾਰਥਾਂ ਦੀ ਘਾਟ ਅਤੇ ਮਹਿੰਗੀ ਜ਼ਮੀਨ ਜਿਹੀਆਂ ਦਿੱਕਤਾਂ ਨੂੰ ਮੁਖਾਤਬ ਹੋ ਕੇ ਸੂਚਨਾ ਤੇ ਸਮਾਰਟ ਤਕਨਾਲੋਜੀਆਂ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ। ਇਨ੍ਹਾਂ ਸਨਅਤਾਂ ਲਈ ਜ਼ਮੀਨ ਦੀ ਲੋੜ ਘੱਟ ਪੈਂਦੀ ਹੈ; ਬਹੁਤੀ ਗਿਆਨ ਸਮੱਗਰੀ ਅਤੇ ਹਲਕੇ ਕੱਚੇ ਮਾਲ ਦੀ ਲੋੜ ਪੈਂਦੀ ਹੈ ਜੋ ਬਾਹਰੋਂ ਆਸਾਨੀ ਨਾਲ ਮੰਗਵਾਇਆ ਜਾ ਸਕਦਾ ਹੈ। ਇਹ ਸਨਅਤਾਂ ਉਚ ਕੀਮਤ ਵਾਲੀ ਪੈਦਾਵਾਰ ਕਰਦੀਆਂ ਹਨ ਅਤੇ ਇਨ੍ਹਾਂ ਦਾ ਈ-ਮਾਰਕੀਟਿੰਗ ਦਾ ਤਰੀਕਾਕਾਰ ਵੀ ਕਾਫੀ ਕਿਫਾਇਤੀ ਹੁੰਦਾ ਹੈ।

ਇਸ ਨੂੰ ਸਾਕਾਰ ਕਰਨ ਲਈ ਸਰਕਾਰ ਨੂੰ ਸਿੱਖਿਆ ਸੰਸਥਾਵਾਂ, ਸੂਚਨਾ ਤਕਨਾਲੋਜੀ ਅਤੇ ਸਮਾਰਟ ਤਕਨਾਲੋਜੀਆਂ ਦੀ ਅਗਵਾਈ ਵਾਲੀ ਸਨਅਤ ਅਤੇਪਰਵਾਸੀ ਭਾਈਚਾਰੇ ਲਈ ਸਾਂਝਾ ਸੰਸਥਾਵਾਂ ਮੰਚ ਮੁਹੱਈਆ ਕਰਵਾਉਣਾ ਚਾਹੀਦਾ ਹੈ ਤਾਂ ਕਿ ਪੰਜਾਬ ਵਿਕਾਸ ਲਈ ਚੌਥੀ ਸਨਅਤੀ ਕ੍ਰਾਂਤੀ ਦਾ ਭਰਵਾਂ ਲਾਹਾ ਉਠਾ ਸਕੇ।

# ਗੁੜ ਬਣਾਉਣ ਨੂੰ ਵੀ ਸਹਾਇਕ ਧੰਦੇ ਵਜੋਂ ਚੁਣ ਸਕਦੇ ਹਨ ਕਿਸਾਨ

ਖੇਤੀਬਾੜੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਗੁੜ ਦੇ ਕਿੱਤੇ ਨੂੰ ਅਪਣਾ ਕੇ ਕਿਸਾਨ ਵਧੇਰੇ ਕਮਾਈ ਕਰ ਸਕਦੇ ਹਨ ਕਿਸੇ ਸਮੇਂ ਗੁੜ ਨੂੰ ਆਮ ਆਦਮੀ ਦੇ ਮਿੱਠੇ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਉਦੋਂ ਚੀਨੀ ਦੀ ਵਰਤੋਂ ਕੇਵਲ ਵਿਸ਼ੇਸ਼ ਮਹਿਮਾਨਾਂ ਲਈ ਹੀ ਕੀਤੀ ਜਾਂਦੀ ਸੀ। ਸਮੇਂ ਦੇ ਨਾਲ-ਨਾਲ ਚੀਨੀ ਮਿਲਾਂ ਦੀ ਗਿਣਤੀ ਵਧਣ ਹੋਇਆ ਅਤੇ ਚੀਨੀ ਆਮ ਆਦਮੀ ਦੀ ਪਹੁੰਚ ਵਿਚ ਆ ਗਈ।

ਹੌਲੀ-ਹੌਲੀ ਗੁੜ ਤੇ ਸ਼ੱਕਰ ਦੀ ਵਰਤੋਂ ਘਟਣ ਲੱਗ ਪਈ ਅਤੇ ਲੋਕ ਪੂਰੀ ਤਰ੍ਹਾਂ ਚੀਨੀ ਉਪਰ ਹੀ ਨਿਰਭਰ ਹੋ ਗਏ। ਪਰ ਹੁਣ ਗੁੜ ਦੇ ਗੁਣਾਂ ਬਾਰੇ ਜਾਗਰੂਕਤਾ ਵਧਣ ਸਦਕਾ ਲੋਕ ਚੀਨੀ ਦੀ ਬਜਾਏ ਮੁੜ ਇਸ ਦੀ ਵਰਤੋਂ ਕਰਨ ਲੱਗ ਪਏ ਹਨ। ਗੁੜ ਵਿਚ ਮੁੱਖ ਤੌਰ 'ਤੇ 60-85 ਫੀਸਦੀ ਸੁਕਰੋਜ਼ ਤੇ ਫਰਕਟੋਜ਼ ਹੁੰਦਾ ਹੈ। ਇਕ ਫੀਸਦੀ ਪ੍ਰੋਟੀਨ, 0.1 ਫੀਸਦੀ ਫੈਟ, ਅੱਠ ਮਿਲੀਗ੍ਰਾਮ ਕੈਲਸ਼ੀਅਮ, ਚਾਰ ਮਿਲੀਗ੍ਰਾਮ ਫਾਸਫੋਰਸ ਅਤੇ 11.4 ਮਿਲੀਗ੍ਰਾਮ ਲੋਹਾ ਹੁੰਦਾ ਹੈ। 100 ਗ੍ਰਾਮ ਗੁੜ ਤੋਂ ਤਕਰੀਬਨ 383 ਕਿਲੋ ਕੈਲਰੀ ਊਰਜਾ ਮਿਲਦੀ ਹੈ ਜਦੋਂ ਕਿ ਖੰਡ ਵਿਚ 99.5 ਫੀਸਦੀ ਸੁਕਰੋਜ਼ ਹੁੰਦੀ ਹੈ। ਹੋਰ ਕੋਈ ਖਣਿਜ ਮੌਜੂਦ ਨਹੀਂ ਹੁੰਦੇ। ਗੁੜ ਬਣਾਉਣ ਦਾ ਕੰਮ ਬਹੁਤੇ ਕਿਸਾਨ ਜਾਣਦੇ ਹਨ ਕਿਉਂਕਿ ਇਸ ਦਾ ਇਸਦਾ ਇਤਿਹਾਸ ਬਹੁਤ ਪੁਰਾਣਾ ਹੈ। ਫਿਰ ਵੀ ਗੁੜ ਬਣਾਉਣ ਸਮੇਂ ਕੁਝ ਸਾਵਧਾਨੀਆਂ ਵਰਤੀਆਂ ਚਾਹੀਦੀਆਂ ਹਨ ਤਾਂ ਕਿ ਇਸ ਦੀ ਗੁਣਵੱਤਾ ਵਿਚ ਸੁਧਾਰ ਲਿਆਂਦਾ ਜਾ ਸਕੇ।

ਗੁੜ ਦੀ ਗੁਣਵੱਤਾ ਕਾਫੀ ਹੱਦ ਤੱਕ ਗੰਨੇ ਦੀ ਕਿਸਮ 'ਤੇ ਨਿਰਭਰ ਕਰਦੀ ਹੈ। ਉਹ ਕਿਸਮਾਂ ਜਿਨ੍ਹਾਂ ਵਿਚ ਮਿਠਾਸ ਜ਼ਿਆਦਾ ਹੋਵੇ ਅਤੇ ਤੇਜ਼ਾਬੀ ਮਾਦਾ 6 ਤੋਂ 7.5 ਹੋਵੇ, ਗੁੜ ਬਣਾਉਣ ਲਈ ਉੱਤਮ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਸਿਫਾਰਸ਼ ਸੀ. ਓ.-118 ਸੀ. ਓ. ਜੇ-64 ਅਤੇ ਸੀ. ਓ. ਜੇ-88 ਕਿਸਮਾਂ ਤੋਂ ਚੰਗੀ ਕਿਸਮ ਦਾ ਗੁੜ ਅਤੇ ਸ਼ੱਕਰ ਬਣਾਏ ਜਾ ਸਕਦੇ ਹਨ। ਗੰਨਾ ਆਪ ਪੈਦਾ ਕਰਨ ਸਮੇਂ ਖਾਦਾਂ ਮਿੱਟੀ ਪਰਖ ਦੇ ਆਧਾਰ 'ਤੇ ਹੀ ਪਾਉ।

ਚੋਣ ਕੀਤੇ ਗੰਨੇ ਦਾ ਵਾਢੀ ਦੇ 24 ਘੰਟੇ ਦੇ ਅੰਦਰ-ਅੰਦਰ ਰਸ ਕੱਢ ਲਵੋ। ਇਸ ਸਮੇਂ ਤੋਂ ਬਾਅਦ ਗੰਨੇ ਦੀ ਮਿਠਾਸ ਘਟਣੀ ਸ਼ੁਰੂ ਹੋ ਜਾਂਦੀ ਹੈ। ਤਾਜ਼ੇ ਗੰਨੇ ਵਿਚ ਰੇਸ਼ੇ ਘੱਟ ਹੋਣ ਕਾਰਨ ਰਸ ਜ਼ਿਆਦਾ ਹੁੰਦਾ ਹੈ ਜੋ ਸੁੱਕਣ 'ਤੇ ਘਟ ਜਾਂਦਾ ਹੈ। ਰਸ ਕੱਢਣ ਲਈ ਚੰਗੀ ਕਿਸਮ ਦਾ ਵੇਲਣਾ ਵਰਤਣਾ ਚਾਹੀਦਾ ਹੈ ਜੋ ਘੱਟੋ-ਘੱਟ 60 ਫੀਸਦੀ ਰਸ ਕੱਢਣਯੋਗ ਹੋਵੇ। ਰਸ ਦੀ ਮਿਕਦਾਰ ਗੰਨੇ ਦੀ ਕਿਸਮ, ਵੇਲਣੇ ਦੀ ਬਣਤਰ, ਸਮਰੱਥਾ ਅਤੇ ਗੰਨੇ ਦੀ ਫੀਡਿੰਗ 'ਤੇ ਨਿਰਭਰ ਕਰਦੀ ਹੈ। ਰਸ ਦੀ ਸਫਾਈ ਲਈ ਸੁਖਲਾਈ ਦੇ ਰਸ ਦੀ ਵਰਤੋਂ ਕਰੋ। ਸੁਖਲਾਈ ਇਕ ਬੂਟੀ ਹੈ ਜੋ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਉੱਗਦੀ ਹੈ ਅਤੇ ਹੁਸ਼ਿਆਰਪੁਰ ਤੋਂ ਮਿਲ ਜਾਂਦੀ ਹੈ। ਸੁਖਲਾਈ ਬੂਟੀ ਦਾ ਰਸ ਤਿਆਰ ਕਰਨ ਲਈ ਬੂਟੀ ਦਾ ਸੁੱਕਾ ਛਿਲਕਾ 24 ਘੰਟੇ ਬਾਲਟੀ ਵਿਚ ਭਿਉਂ ਕੇ ਰੱਖੋ। ਫਿਰ ਛਿਲਕੇ ਨੂੰ ਹੱਥਾਂ ਵਿਚ ਮਲ ਕੇ ਸੰਘਣਾ ਘੋਲ ਤਿਆਰ ਕਰੋ। ਅਜਿਹਾ ਇਕ ਲਿਟਰ ਘੋਲ 100 ਲਿਟਰ ਗੰਨੇ ਦੇ ਰਸ ਨੂੰ ਸਾਫ ਕਰਨ ਲਈ ਕਾਫੀ ਹੈ।

ਕਈ ਕਿਸਾਨ ਸੁਖਲਾਈ ਬੂਟੀ ਦੀ ਥਾਂ ਭਿੰਡੀ, ਤੋਰੀ ਤੇ ਸੋਇਆਬੀਨ ਦਾ ਆਟਾ ਜਾਂ ਮੂੰਗਫਲੀ ਦੇ ਦੁੱਧ ਦਾ ਵਰਤੋਂ ਵੀ ਕਰਦੇ ਹਨ। ਰਸ ਨੂੰ ਵੱਡੇ ਕੜਾਹੇ ਵਿਚ ਪਾ ਕੇ ਲਗਾਤਾਰ ਹਿਲਾਉਂਦੇ ਹੋਏ ਗਰਮ ਕਰੋ ਤਾਂ ਜੋ ਇਹ ਅਰਧ ਠੋਸ ਰੂਪ ਧਾਰ ਸਕੇ। ਜਦੋਂ ਪੱਤ ਕੜ੍ਹ ਕੇ ਤਿਆਰ ਹੋਣ ਵਾਲੀ ਹੋਵੇ ਤਾਂ ਉਸ ਸਮੇਂ ਤਾਪਮਾਨ ਨਿਯੰਤਰਣ ਹੋਣਾ ਚਾਹੀਦਾ ਹੈ। ਤਾਂਕਿ ਬਣ ਰਿਹਾ ਗੁੜ ਸੜ ਨਾ ਜਾਵੇ। ਪੱਤ ਦਾ ਤਾਪਮਾਨ 115-117 ਡਿਗਰੀ ਸੈਂਟੀਗਰੇਡ ਤੋਂ ਵਧਣਾ ਨਹੀਂ ਚਾਹੀਦਾ। ਪੱਤ ਪੱਕਣ ਤੋਂ ਬਾਅਦ 20 ਗ੍ਰਾਮ ਨਾਰੀਅਲ ਦਾ ਤੇਲ ਪ੍ਰਤੀ ਕੁਇੰਟਲ ਪਾ ਦੇਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਗੁੜ ਵਧੇਰੇ ਰਵੇਦਾਰ ਅਤੇ ਸੁਗੰਧੀ ਭਰਪੂਰ ਬਣਦਾ ਹੈ। ਗੁੜ ਬਣਨ ਤੋਂ ਬਾਅਦ ਇਸ ਨੂੰ ਕੁੱਝ ਠੰਢਾ ਹੋਣ ਦਿਉ। ਫਿਰ ਪੇਸੀਆਂ ਬਣਾਉ। ਪੇਸੀਆਂ ਦਾ ਆਕਾਰ ਛੋਟਾ ਰੱਖਣਾ ਚਾਹੀਦਾ ਹੈ। ਅੱਜਕਲ ਬਾਜ਼ਾਰ ਵਿਚ ਚੌਰਸ ਪੇਸੀਆਂ ਬਣਾਉਣ ਦੇ ਸਾਂਚੇ ਵੀ ਉਪਲਬਧ ਹਨ। ਪੇਸੀਆਂ ਉਪਰ ਸੁੱਕੇ ਮੇਵੇ ਵੀ ਵਰਤੇ ਜਾ ਸਕਦੇ ਹਨ। ਅਜਿਹੇ ਗੁੜ ਵੀ ਬਾਜ਼ਾਰ ਵਿਚ ਕਾਫੀ ਮੰਗ ਹੈ।

# ਹਵਾ, ਪਾਣੀ ਤੇ ਧਰਤੀ ਉੱਤੇ ਅਮੀਰਾਂ ਦਾ ਕਬਜ਼ਾ

**ਗੁਰਸ਼ਰਨ ਸਿੰਘ ਵਿਰਦੀ**
ਨਵੀਂ ਅਫਸਰ ਕਾਲੋਨੀ,
ਸਰਹਿੰਦ (ਫਤਹਿਗੜ੍ਹ ਸਾਹਿਬ)

ਕੁਦਰਤ ਵਲੋਂ ਮਨੁੱਖ ਨੂੰ ਅਨੇਕਾਂ ਬਹੁ-ਕੀਮਤੀ ਦਾਤਾਂ ਮਿਲੀਆਂ ਹੋਈਆਂ ਹਨ। ਇਨ੍ਹਾਂ ਵਿਚ ਤਿੰਨ ਪ੍ਰਮੁੱਖ ਦਾਤਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਕ ਸਲੋਕ ਤੋਂ ਮਿਲਦਾ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦਾਤਾਂ ਨੂੰ ਇੰਜ ਵਡਿਆਇਆ ਹੈ :

'ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ'

ਇਹ ਕੁਦਰਤੀ ਸੁਗਾਤਾਂ ਕੇਵਲ ਤੁਰਦੇ ਫਿਰਦਾ ਜੀਵਾਂ ਲਈ ਹੀ ਨਹੀਂ ਸਗੋਂ ਕੁਦਰਤ ਨੇ ਤਾਂ ਸਾਰੀ ਬਨਸਪਤੀ ਦੇ ਫੁੱਲਾਂ, ਬੂਟਿਆਂ ਨੂੰ ਵੀ ਆਪਣੀ ਬਖਸ਼ਿਸ਼ ਨਾਲ ਭਰਪੂਰ ਕੀਤਾ ਹੋਇਆ ਹੈ। ਇਸ ਤਰ੍ਹਾਂ ਅਸੀਂ ਸਮਝ ਸਕਦੇ ਹਾਂ ਕਿ ਸਾਰੀ ਕਾਇਨਾਤ ਹੀ ਇਨ੍ਹਾਂ ਤਿੰਨ ਦਾਤਾਂ 'ਚ ਸਮਾਈ ਹੋਈ ਹੈ।

ਇਨ੍ਹਾਂ ਤਿੰਨ ਦਾਤਾਂ ਉੱਤੇ ਹੋਏ ਕਬਜ਼ੇ ਦੀ ਵਾਰਤਾ ਦੱਸਣ ਲਈ ਇਸ ਨੂੰ ਧਰਤੀ, ਪਾਣੀ ਤੇ ਹਵਾ ਦੀ ਤਰਤੀਬ 'ਚ ਵਿਚਾਰਨਾ ਪਵੇਗਾ। ਜੰਗਲੀ ਜੀਵਨ ਬਿਤਾਉਂਦਿਆਂ ਮਨੁੱਖ ਕਬੀਲਿਆਂ 'ਚ ਰਹਿਣ ਲੱਗਾ। ਤਕੜਾ ਕਬੀਲਾ ਆਪਣੇ ਤੋਂ ਕਮਜ਼ੋਰ ਕਬੀਲੇ ਨੂੰ ਆਪਣੇ ਬਾਹੂਬਲ ਦੇ ਜ਼ੋਰ 'ਤੇ ਉਸ ਨੂੰ ਆਪਣੇ ਕਬਜ਼ੇ 'ਚ ਲੈ ਕੇ ਆਪਣੀ ਧਿਰ 'ਚ ਰਲਾ ਲੈਂਦਾ ਤੇ ਆਪਣੇ ਆਪ ਨੂੰ ਹੋਰ ਵਡੇਰੀ ਧਿਰ ਬਣਾਉਣ ਲਗਦਾ।

ਇੱਥੇ ਹੀ ਬਸ ਨਹੀਂ, ਛੋਟੇ ਕਬੀਲਿਆਂ ਦੀਆਂ ਉਪਜਾਊ ਜ਼ਮੀਨਾਂ 'ਤੇ ਕਬਜ਼ਾ ਕਰਨ ਲੱਗਾ। ਬੀਤਦੇ ਸਮੇਂ ਨੇ ਮਨੁੱਖ ਨੂੰ ਕਿਸਾਨ, ਜ਼ਿਮੀਂਦਾਰ, ਜਗੀਰਦਾਰ ਤੇ ਸਰਮਾਏਦਾਰ ਦੇ ਰੂਪ 'ਚ ਬਦਲਦੇ ਵੇਖਿਆ ਹੈ। ਨਤੀਜਾ ਇਹ ਹੋਇਆ ਕਿ ਕੁਦਰਤ ਦੀ ਸੁਗਾਤ 'ਧਰਤੀ' ਨੂੰ ਉਸ ਨੇ ਕੁਦਰਤ ਤੋਂ ਖੋਹ ਲਿਆ। ਇਸ ਦੇ ਨਾਲ ਹੀ ਖੇਤੀ ਕਰਦੇ ਹਲਵਾਹਕ ਕਿਸਾਨਾਂ ਨੂੰ ਬੇਜ਼ਮੀਨੇ ਬਣਾ ਦਿਤਾ ਤੇ ਉਨ੍ਹਾਂ ਨੂੰ ਭੁੱਖਾਂ ਮਰੇ ਲੋਕਾਂ ਦੀ ਕਤਾਰ ਵਲ ਧੱਕ ਦਿੱਤਾ।

ਕੁਦਰਤ ਵੱਲੋਂ ਦੁਨੀਆਂ ਨੂੰ ਦਿੱਤੀ ਇਕ ਹੋਰ ਨਿਆਮਤ-ਗੁਨਕਾਰੀ ਪਾਣੀ ਹੈ। ਜਿਸ ਦੇ ਬਿਨਾਂ ਮਨੁੱਖ ਤਾਂ ਕੀ ਪਸ਼ੂ-ਪੰਛੀ ਤੇ ਪੌਦੇ ਵੀ ਲੰਮਾ ਸਮਾਂ ਜ਼ਿੰਦਾ ਨਹੀਂ ਰਹਿ ਸਕਦੇ। ਮਨੁੱਖ ਵਲੋਂ ਇਸ ਨੂੰ ਗੰਧਲਾ ਕੀਤਾ ਜਾ ਰਿਹਾ ਹੈ। ਇਸ ਦਾ ਦੁਰ-ਉਪਯੋਗ ਹੋ ਰਿਹੈ। ਇਸ ਨੂੰ ਅਜਾਈਂ ਹੀ ਗੁਆਇਆ ਜਾ ਰਿਹਾ ਹੈ। ਕਿਸਾਨ ਝੋਨੇ ਤੇ ਕਣਕ ਦੀ ਬਿਜਾਈ ਕਰਦੇ ਹਨ। ਜਿਸ ਵਿਚ ਪਾਣੀ ਦੀ ਬਹੁਤੀ ਖਪਤ ਹੁੰਦੀ ਹੈ। ਇਸੇ ਕਾਰਨ ਪਾਣੀ ਦੀ ਸਤਹਿ ਪਹਿਲਾਂ ਨਾਲੋਂ ਦਿਨੋਂ ਦਿਨ ਹੋਰ ਨੀਵੀਂ ਹੁੰਦੀ ਜਾ ਰਹੀ ਹੈ।

ਦੂਜੇ ਪਾਸੇ ਵੱਡਾ ਧਨੀ-ਵਪਾਰੀ ਗੁਟ ਇਹ ਪ੍ਰਚਾਰ ਕਰਨ 'ਚ ਲੱਗਾ ਹੋਇਆ ਹੈ ਕਿ ਧਰਤੀ ਹੇਠਲੇ ਪਾਣੀ ਨੂੰ ਜੇ ਪੁਣ-ਛਾਣ ਕੇ ਨਾ ਪੀਤਾ ਗਿਆ ਤਾਂ ਮਨੁੱਖ ਨੂੰ ਕੈਂਸਰ ਤੇ ਚਮੜੀ ਦੇ ਰੋਗ ਘੇਰ ਲੈਣਗੇ। ਇਹ ਪ੍ਰਚਾਰ ਉਹੀ ਕੰਪਨੀਆਂ ਕਰ ਰਹੀਆਂ ਹਨ ਜਿਨ੍ਹਾਂ ਨੇ ਪਾਣੀ ਦੇ ਉਤਪਾਦ, ਮੁੱਲ ਦੇ ਪਾਣੀ ਦੀਆਂ ਬੋਤਲਾਂ ਤੇ ਆਰ. ਓ. ਮਹਿੰਗੇ ਭਾਅ 'ਤੇ ਵੇਚਣੇ ਹਨ। ਇਸ ਤਰ੍ਹਾਂ ਇਨ੍ਹਾਂ ਕੰਪਨੀਆਂ ਨੇ ਮੱਧ-ਵਰਗੀ ਹਰ ਘਰ ਦੀ ਰਸੋਈ 'ਤੇ ਕਬਜ਼ਾ ਕਰ ਲਿਆ ਹੈ। ਹਰ ਬੰਦਾ ਆਰ. ਓ. ਦਾ ਪਾਣੀ ਜਾਂ ਮੁੱਲ ਦੀਆਂ ਬੋਤਲਾਂ ਦਾ ਪਾਣੀ ਪੀਣ ਵਿਚ ਆਪਣੇ ਆਪ ਨੂੰ ਸੁਰੱਖਿਅਤ ਤੇ ਉੱਚ ਸਟੇਟਸ ਵਾਲਾ ਸਮਝਣ ਦਾ ਭਰਮ ਪਾਲ ਰਿਹਾ ਹੈ। ਇਸ ਤਰੀਕੇ ਨਾਲ ਪਾਣੀ 'ਤੇ ਵੀ ਧਨੀ ਲੋਕਾਂ ਦਾ ਕਬਜ਼ਾ ਹੋ ਗਿਆ ਹੈ।



ਤੁਸੀ ਸੋਚਦੇ ਹੋਵੋਗੇ, ਧਰਤੀ ਤੇ ਪਾਣੀ ਤਾਂ ਸਥੂਲ ਵਸਤਾਂ ਹਨ। ਇਨ੍ਹਾਂ ਉੱਤੇ ਕਬਜ਼ਾ ਹੋਣਾ ਤਾਂ ਸੰਭਵ ਹੈ ਪਰ ਹਵਾ ਉੱਤੇ ਕੋਈ ਕਿਵੇਂ ਕਬਜ਼ਾ ਕਰ ਸਕਦਾ ਹੈ। ਤੁਸੀਂ ਠੀਕ ਸੋਚਦੇ ਹੋ। ਪਰ ਅਮੀਰ ਵਰਗ ਕਿੰਨਾ ਸ਼ਾਤਰ ਹੈ, ਤੁਹਾਨੂੰ ਇਸ ਦਾ ਅਹਿਸਾਸ ਵੀ ਹੋ ਜਾਵੇਗਾ।

ਆਓ ਹੁਣ ਕੁਦਰਤ ਦੀ ਦਿੱਤੀ ਇਕ ਹੋਰ ਸੁਗਾਤ ਹਵਾ ਬਾਰੇ ਵੀ ਕੁੱਝ ਜਾਣਨ ਦੀ ਕੋਸ਼ਿਸ਼ ਕਰੀਏ। ਹਵਾ ਬਾਰੇ ਗਰੀਨਪੀਸ ਸੰਸਥਾਵਾਂ ਵਲੋਂ ਪੇਸ਼ ਕੀਤੀ ਰੀਪਰਟ ਅਨੁਸਾਰ ਸਟੈਂਡਰਡ ਪਾਰਕੁਲੇਟ ਮੈਟਰ ਮਿਥੇ ਮਿਆਰ ਦੀ ਮਾਤਰਾ 2.5 ਦੇ ਮੁਕਾਬਲੇ 113.5 ਮਾਈਕਰੋ ਗਰਾਮ ਘਟ ਮੀਟਰ ਹੈ ਜੋ ਕਿ ਕੌਮਾਂਤਰੀ ਮਾਪਦੰਡ ਅਨੁਸਾਰ 10 ਮਾਈਕਰੋ ਗਰਾਮ ਤੋਂ ਵੱਧ ਨਹੀਂ ਹੋਣੀ ਚਾਹੀਦੀ ਜੋ ਸਾਡੇ ਦੇਸ਼ ਦੀ ਰਾਜਨੀਤੀ ਦਿੱਲੀ 'ਚ ਇਹ 11 ਗੁਣਾ ਵੱਧ ਪਾਈ ਜਾਂਦੀ ਹੈ ਤਾਂ ਹਵਾ ਦਾ ਇਹ ਪ੍ਰਦੂਸ਼ਣ ਮਨੁੱਖ ਦੇ ਦਿਲ ਤੇ ਫੇਫੜਿਆਂ ਲਈ ਬਹੁਤ ਹਾਨੀਕਾਰਕ ਹੈ।

ਵਿਸ਼ਵ ਸਿਹਤ ਸੰਸਥਾ 'ਚ ਖੁਲਾਸਾ ਕੀਤਾ ਸੀ ਕਿ ਦੁਨੀਆਂ ਦੇ 70 ਲੱਖ ਲੋਕ ਵਾਯੂ ਪ੍ਰਦੂਸ਼ਣ ਕਾਰਨ ਮਰਦੇ ਹਨ। ਇਨ੍ਹਾਂ ਮਰਨ ਵਾਲਿਆਂ 'ਚ 12.4 ਲੱਖ ਲੋਕ ਤਾਂ ਇਕੱਲੇ ਭਾਰਤ ਵਿਚ ਮਰਦੇ ਹਨ। ਇਸ ਤਰ੍ਹਾਂ ਭਾਰਤ ਦਾ ਹਰ ਅਠਵਾਂ ਬੰਦਾ ਵਾਧੂ ਪ੍ਰਦੂਸ਼ਣ ਨਾਲ ਮਰਦਾ ਹੈ। ਇਸੇ ਕਾਰਨ ਭਾਰਤ ਵਿਚ ਮ ਨੁੱਖ ਦੀ ਉਮਰ 1.7 ਸਾਲ ਔਸਤ ਉਮਰ ਘੱਟ ਰਹੀ ਹੈ। ਹਵਾ ਦੇ ਪ੍ਰਦੂਸ਼ਣ ਦਾ ਇਹ ਮਾਰੂ ਅਸਰ ਭਾਰਤ ਦੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਜ਼ਿਆਦਾ ਹੀ ਹੋ ਰਿਹਾ ਹੈ।

ਇਕ ਅਮਰੀਕੀ ਅਧਿਐਨ ਅਨੁਸਾਰ ਭਾਰਤ 'ਚ ਦੀਵਾਲੀ ਦੇ ਤਿਉਹਾਰ 'ਤੇ ਚਲਾਏ ਗਏ ਪਟਾਕੇ ਤੇ ਪਰਾਲੀ ਸਾੜਨ ਕਾਰਨ ਤੀਹ ਅਰਬ ਡਾਲਰ ਭਾਵ (ਦੋ ਲੱਖ ਕਰੋੜ ਰੁਪਏ) ਦਾ ਨੁਕਸਾਨ ਹੁੰਦਾ ਹੈ। ਪੰਜਾਬ 'ਚ ਝੋਨੇ ਤੇ ਕਣਕ ਦੀ ਫਸਲ ਦੀ ਕਟਾਈ ਤੇ ਉਸ ਦੀ ਸਾਂਭ ਸੰਭਾਲ ਤੱਕ ਪੈਦਾ ਹੋਏ ਪ੍ਰਦੂਸ਼ਣ ਨਾਲ ਸ਼ੁੱਧ ਹਵਾ ਨੂੰ ਜੋ ਜੋ ਦੁੱਖ ਝੱਲਣੇ ਪੈਂਦੇ ਹਨ, ਉਸ ਨੂੰ ਤਾਂ ਹਵਾ ਹੀ ਜਾਣਦੀ ਹੈ। ਗੌਰਤਲਬ ਹੈ ਕਿ ਇਕੱਲੇ ਪੰਜਾਬ 'ਚ 28 ਹੈਕਟੇਅਰ 'ਚ ਝੋਨਾ ਤੇ 34 ਹੈਕਟੇਅਰ 'ਚ ਕਣਕ ਬੀਜੀ ਜਾਂਦੀ ਹੈ।

ਖੇਤੀਬਾੜੀ ਵਿਭਾਗ ਵਲੋਂ ਪਰਾਲੀ ਨੂੰ ਸਾੜਨ ਦੀ ਬਜਾਏ ਜੇ ਉਸ ਵਲੋਂ ਸੁਝਾਏ ਢੰਗ ਤਰੀਕੇ



ਅਪਨਾਏ ਜਾਣ ਤਾਂ ਕੇਵਲ ਦੋ ਹਜ਼ਾਰ ਰੁਪਏ ਪ੍ਰਤੀ ਏਕੜ ਖਰਚ ਆਉਂਦਾ ਹੈ। ਜੇ ਇਹ ਖਰਚਾ ਕਿਸਾਨਾਂ ਨੂੰ ਦੇਣਾ ਵੀ ਪਵੇ ਤਾਂ ਕੇਵਲ 2400 ਕਰੋੜ ਰੁਪਏ ਹੀ ਦੇਣੇ ਪੈਣਗੇ। ਦੇਸ਼ ਪ੍ਰਦੂਸ਼ਣ ਤੋਂ ਬੱਚ ਜਾਵੇਗਾ ਤੇ ਕਿਸਾਨ ਵਾਧੂ ਖਰਚੇ ਤੋਂ ਬਚ ਜਾਣਗੇ।

ਲੋਕਾਂ ਦੀਆਂ ਲੋੜਾਂ ਤੇ ਮੁਸ਼ਕਲਾਂ ਨੂੰ ਦੇਖਦੇ ਹੋਏ, ਹਕੂਮਤ ਹਵਾ ਦੀ ਸਵੱਛਤਾ ਤੇ ਲੋਕਾਂ ਦੀ ਚੰਗੀ ਸਿਹਤ ਵਲ ਕਿੰਨਾ ਕੁ ਧਿਆਨ ਕਰਦੀਆਂ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ। ਸਾਡੇ ਦੇਸ਼ ਦੀ ਕੇਂਦਰੀ ਤੇ ਰਾਜ ਸਰਕਾਰਾਂ ਵਿਕਾਸ ਦੇ ਨਾਮ 'ਤੇ ਹਵਾਂ ਨੂੰ ਹੋਰ ਗੰਧਲਾ ਕਰ ਰਹੀਆਂ ਹਨ। ਉਹ ਵਿਕਾਸ ਕਰਨ ਵਾਲੀ ਥਾਂ 'ਤੇ ਜੰਗਲਾਂ ਨੂੰ ਬਿਨਾਂ ਕਿਸੇ ਭਵਿੱਖੀ ਯੋਜਨਾ ਉਨ੍ਹਾਂ ਦੀ ਕਟਾਈ ਕੀਤੀ ਜਾ ਰਹੀ ਹੈ। ਕਾਰਖਾਨੇ ਵੀ ਬਿਨ੍ਹਾਂ ਕਿਸੇ ਯੋਜਨਾਬੰਦੀ ਦੇ ਲੱਗ ਰਹੇ ਹਨ। ਉਨ੍ਹਾਂ ਤੋਂ ਪੈਦਾ ਹੁੰਦੀ ਆਵਾਜ਼ ਤੇ ਧੂੰਏਂ ਉੱਤੇ ਕੋਈ ਨਿਯੰਤਰਣ ਨਹੀਂ ਹੁੰਦਾ। ਥਰਮਲ ਪਲਾਂਟ ਤੇ ਇੱਟਾਂ ਦੇ ਭੱਠਿਆਂ ਦੀਆਂ ਚਿਮਨੀਆਂ 'ਚੋਂ ਨਿਕਲਦਾ ਧੂੰਆਂ ਵੀ ਪ੍ਰਦੂਸ਼ਣ 'ਚ ਵਾਧਾ ਕਰ ਰਿਹਾ ਹੈ। ਸ਼ਹਿਰਾਂ ਲਈ ਕਈ ਏਕੜਾਂ 'ਚ ਫੈਲੇ ਸ਼ਹਿਰੀ ਗੰਦਗੀ ਦੇ ਲੱਗੇ ਅੰਬਾਰ ਮਿਲਦੇ ਹਨ। ਉਨ੍ਹਾਂ ਨੂੰ ਖਤਮ ਕਰਨ ਲਈ ਕਈ ਥਾਵਾਂ 'ਤੇ ਉਸ ਨੂੰ ਸਾੜਿਆ ਵੀ ਜਾਂਦਾ ਹੈ। ਉਸ ਨਾਲ ਹਵਾ ਜ਼ਹਿਰੀ ਹੋ ਜਾਂਦੀ ਹੈ। ਮਨੁੱਖੀ ਵਿਕਾਸ ਦੀਆਂ ਸਹੂਲਤਾਂ ਲਈ ਵਰਤੇ ਜਾਂਦੇ ਵਾਹਨਾਂ ਵਿਚਲੇ ਪੈਟਰੋਲ ਤੇ ਡੀਜ਼ਲ ਦਾ ਧੂੰਆਂ ਆਦਿ ਵੀ ਸਾਡੇ ਸਾਹ ਲੈਣ ਵਾਲੀ ਹਵਾ ਨੂੰ ਪ੍ਰਦੂਸ਼ਤ ਕਰ ਰਹੇ ਹਨ।

ਜੇ ਸਰਕਾਰਾਂ ਤੇ ਇਥੋਂ ਦੀ ਪਰਜਾ ਨੇ ਇਸ ਪਾਸੇ ਵਲ ਉਚੇਚਾ ਧਿਆਨ ਨਾ ਦਿੱਤਾ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਕਾਰਪੋਰੇਟ ਕੰਪਨੀਆਂ ਦਾ ਹਵਾ ਉੱਤੇ ਵੀ ਕਬਜ਼ਾ ਹੋ ਸਕਦਾ ਹੈ। 'ਹਵਾ ਉੱਤੇ ਕਬਜ਼ਾ ਹੋ ਜਾਵੇਗਾ' ਇਹ ਗੱਲ ਅਜੇ ਸਾਨੂੰ ਹਜ਼ਮ ਨਹੀਂ ਹੁੰਦੀ ਕਿਉਂਕਿ ਹਵਾ ਦੇ ਪ੍ਰਦੂਸ਼ਣ ਵੀ ਬਹੁਤਾਰ ਨਾਲ ਸ਼ਾਇਦ ਸਾਡਾ ਵਾਹ ਅਜੇ ਪਿਆ ਹੀ ਨਹੀਂ।

ਸਿਆਣੇ ਲੋਕ ਸਾਨੂੰ ਅਗਾਊਂ ਸੁਚੇਤ ਕਰ ਰਹੇ ਹਨ। ਕਾਰਪੋਰੇਟ ਕੰਪਨੀਆਂ ਇਸ ਤਾਕ 'ਚ ਬੈਠੀਆਂ ਹਨ ਕਿ ਕਦੋਂ ਹਵਾ 'ਤੇ ਕਬਜ਼ਾ ਕਰ ਲਿਆ ਜਾਵੇ। ਇਸ ਸਬੰਧੀ ਉਨ੍ਹਾਂ ਨੇ ਹਰ ਮਾਧਿਅਮ ਰਾਹੀਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਪਲੀਤ ਹੋਈ ਹਵਾ ਮਨੁੱਖ ਦੇ ਸਾਹ ਲੈਣ ਲਈ ਹਾਨੀਕਾਰਕ ਹੈ। ਤੇ ਇਸ ਲਈ ਉਨ੍ਹਾਂ ਨੇ ਆਪਣੇ ਬਣਾਏ ਸਵੱਛ ਹਵਾ ਦੇ ਉਤਪਾਦ ਵੇਚਣ ਲਈ ਵੀ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਜਿਵੇਂ ਉਨ੍ਹਾਂ ਨੇ ਪਾਣੀ ਦੇ ਉਤਪਾਦ ਵੇਚਣ ਸਮੇਂ ਕੀਤਾ ਸੀ।

ਕੰਪਨੀਆਂ ਦਾ ਅਗਲਾ ਪੜਾਅ ਵਾਯੂ ਪ੍ਰਦੂਸ਼ਣ ਤੋਂ ਬਚਣ ਦੇ ਢੰਗਾਂ ਨੂੰ ਪ੍ਰਚਾਰਨ ਦਾ ਹੋਵੇਗਾ। ਮੀਡੀਏ ਰਾਹੀਂ ਖੂਬ ਪ੍ਰਚਾਰ ਕੀਤਾ ਜਾਵੇਗਾ ਕਿ ਪ੍ਰਦੂਸ਼ਤ ਹਵਾ 'ਚ ਸਾਹ ਲੈਣ ਨਾਲ ਉਨ੍ਹਾਂ ਦੀ ਉਮਰ ਘਟੇਗੀ 'ਤੇ ਉਹ ਬਿਮਾਰ ਪੈ ਜਾਣਗੇ। ਇਸ ਲਈ ਦਿਲ ਤੇ ਫੇਫੜਿਆਂ ਦੀਆਂ ਬਿਮਾਰੀਆਂ ਤੋਂ ਬਚਣ ਲਈ ਸਵੱਛ ਹਵਾ (ਆਕਸੀਜਨ ਗੈਸ) ਲੁਆਣ ਦਾ ਪ੍ਰਚਾਰ ਕੀਤਾ ਜਾਵੇਗਾ। ਡਾਕਟਰ ਆਪਣੇ ਮਰੀਜ਼ਾਂ ਦੀ ਪਰਚੀ 'ਤੇ ਹਰ ਹਫਤੇ ਇਕ ਵਾਰ ਗੈਸ ਲੁਆਣ ਲਈ ਡਾਕਟਰੀ ਰਾਇ ਲਿਖ ਕੇ ਦਿਆ ਕਰਨਗੇ।

ਇਸ ਸਮੇਂ ਮੌਕਾ ਤਾੜ ਕੇ ਕਾਰਪੋਰੇਟ ਘਰਾਣੇ ਜਨਤਾ ਲਈ ਆਕਸੀਜਨ ਗੈਸ ਦੇ ਸਿਲੰਡਰ ਸਿਹਤ ਦੀ ਮੰਡੀ 'ਚ ਉਤਾਰ ਦੇਣਗੇ। ਇਸ ਤਰ੍ਹਾਂ ਡਾਕਟਰਾਂ ਤੇ ਸਿਲੰਡਰ ਵੇਚਣ ਵਾਲਿਆਂ ਦੀ ਵੀ ਚਾਂਦੀ ਹੋ ਜਾਵੇਗੀ। ਸਕੂਲ 'ਚ ਅਧਿਆਪਕ ਬੱਚਿਆਂ ਦੇ ਮਾਪਿਆਂ ਨੂੰ ਹਦਾਇਤਾਂ ਕਰਿਆ ਕਰਨਗੇ ਕਿ ਮਾਪੇ ਆਪਣੇ ਬੱਚਿਆਂ ਨੂੰ ਨਿਯਮਤ ਰੂਪ 'ਚ ਗੈਸ ਲੁਆਉਂਦੇ ਰਹਿਣ, ਸਕੂਲ 'ਚ ਬੱਚੇ ਨਾਲ ਕੁੱਝ ਮਾੜਾ ਵਾਪਰਨ 'ਤੇ ਬੱਚੇ ਤੇ ਬੱਚੇ ਦੇ ਮਾਪੇ ਹੀ ਇਸ ਦੇ ਜ਼ਿੰਮੇਵਾਰ ਹੋਣਗੇ, ਅਧਿਆਪਕ ਨਹੀਂ, ਨੋਟਿਸ ਬੋਰਡ 'ਤੇ ਲਿਖਿਆ ਮਿਲੇਗਾ।

ਕਿਉਂਕਿ ਸਵੱਛ ਹਵਾ (ਆਕਸੀਜਨ ਗੈਸ) ਹਰ ਛੋਟੇ ਤੇ ਵੱਡੇ ਦੀ ਲੋੜ ਬਣ ਜਾਵੇਗੀ ਤੇ ਸਵੱਛ ਹਵਾ (ਆਕਸੀਜਨ ਗੈਸ) ਸਿਲੰਡਰਾਂ ਦੇ ਸਿਹਤ ਕੇਂਦਰ ਖੁਲ੍ਹ ਜਾਣਗੇ। ਗਿਣਤੀ ਘੱਟ ਹੋਣ 'ਤੇ ਸਰਕਾਰ ਤੋਂ ਇਸ ਦੀ ਗਿਣਤੀ ਵਧਾਉਣ ਲਈ ਮੰਤਰੀਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ।

ਇਹ ਗੱਲਾਂ ਭਾਵੇਂ ਸਾਨੂੰ ਸਮੇਂ ਤੋਂ ਪਹਿਲਾਂ ਹੀ ਲਗਦੀਆਂ ਹੋਣ ਪਰ ਇਸ ਨੂੰ ਸੱਚ ਕਰਨ ਲਈ ਸਮਾਂ ਬਹੁਤ ਲੰਮੀਆਂ ਪੁਲਾਂਘਾਂ ਪੁੱਟ ਰਿਹਾ ਹੈ। ਮਨੁੱਖ ਨੂੰ ਇਸ ਬਾਰੇ ਹੋਰ ਵੱਧ ਗੰਭੀਰਤਾ ਨਾਲ ਸੋਚਣਾ ਬਣਦਾ ਹੈ।

> ਕਾਰਪੋਰੇਟ ਕੰਪਨੀਆਂ ਇਸ ਤਾਕ 'ਚ ਬੈਠੀਆਂ ਹਨ ਕਿ ਕਦੋਂ ਹਵਾ 'ਤੇ ਕਬਜ਼ਾ ਕਰ ਲਿਆ ਜਾਵੇ। ਇਸ ਸਬੰਧੀ ਉਨ੍ਹਾਂ ਨੇ ਹਰ ਮਾਧਿਅਮ ਰਾਹੀਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਪਲੀਤ ਹੋਈ ਹਵਾ ਮਨੁੱਖ ਦੇ ਸਾਹ ਲੈਣ ਲਈ ਹਾਨੀਕਾਰਕ ਹੈ ਤੇ ਇਸ ਲਈ ਉਨ੍ਹਾਂ ਨੇ ਆਪਣੇ ਬਣਾਏ ਸਵੱਛ ਹਵਾ ਦੇ ਉਤਪਾਦ ਵੇਚਣ ਲਈ ਵੀ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਜਿਵੇਂ ਉਨ੍ਹਾਂ ਨੇ ਪਾਣੀ ਦੇ ਉਤਪਾਦ ਵੇਚਣ ਸਮੇਂ ਕੀਤਾ ਸੀ।

# ਸਾਉਣੀ ਲਈ ਹਰੇ ਚਾਰੇ ਲਈ ਕਾਸ਼ਤ ਦੇ ਢੰਗ

ਰਾਬਿੰਦਰ ਸਿੰਘ ਸੋਹੂ, ਰੁਚਿਕਾ ਭਾਰਦਵਾਜ ਅਤੇ ਦਵਿੰਦਰਪਾਲ ਸਿੰਘ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ

ਹਰੇ ਚਾਰੇ ਦੀ ਉਪਲਬਧਤਾ ਦੁਧਾਰੂ ਪਸ਼ੂਆਂ ਲਈ ਬਹੁਤ ਮਹੱਤਤਾ ਰੱਖਦੀ ਹੈ । ਚੰਗਾ ਅਤੇ ਸੰਤੁਲਤ ਹਰਾ ਚਾਰਾ ਦੁੱਧ ਦੀ ਪੈਦਾਵਾਰ ਵਧਾਉਂਦਾ ਹੈ ਅਤੇ ਦੁਧਾਰੂ ਪਸ਼ੂਆਂ ਦੀ ਸਿਹਤ ਲਈ ਵੀ ਜ਼ਰੂਰੀ ਤੱਤ ਪ੍ਰਦਾਨ ਕਰਦਾ ਹੈ । ਪੰਜਾਬ ਵਿੱਚ 81.2 ਲੱਖ ਪਸ਼ੂ ਹਨ ਜਿਨ੍ਹਾਂ ਵਿੱਚੋਂ 62.4 ਲੱਖ ਵੱਡੇ ਪਸ਼ੂ ਹਨ । ਇਸ ਦੇ ਆਧਾਰ ਤੇ ਇੱਕ ਪਸ਼ੂ ਨੂੰ 31.0 ਕਿਲੋ ਹਰਾ ਚਾਰਾ ਪ੍ਰਤੀ ਦਿਨ ਮਿਲਦਾ ਹੈ ਜੋ ਕਿ ਲੋੜ ਤੋਂ (40 ਕਿਲੋ/ਪਸ਼ੂ/ਦਿਨ) ਬਹੁਤ ਘੱਟ ਹੈ । ਕੁੱਝ ਕਿਸਾਨ ਹਰੇ ਚਾਰੇ ਦੀ ਕਾਸ਼ਤ ਤੇ ਹੀ ਨਿਰਭਰ ਕਰਦੇ ਹਨ ਅਤੇ ਇਸ ਨੂੰ ਮੰਡੀ ਵਿੱਚ ਵੇਚ ਕੇ ਆਪਣੀ ਆਜੀਵਿਕਾ ਕਮਾਉਂਦੇ ਹਨ । ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰੇ ਚਾਰੇ ਦਾ ਵਧੀਆ ਝਾੜ ਲੈਣ ਲਈ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਅਤੇ ਉਨ੍ਹਾਂ ਦੀ ਕਾਸ਼ਤ ਦੇ ਢੰਗ ਅਪਨਾਉਣੇ ਚਾਹੀਦੇ ਹਨ । ਹਰੇ ਚਾਰੇ ਦਾ ਚੰਗਾ ਝਾੜ ਲੈਣ ਲਈ ਕਿਸਾਨਾਂ ਨੂੰ ਕੁਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜੋ ਕਿ ਹੇਠਾਂ ਦਿੱਤੀਆਂ ਗਈਆਂ ਹਨ :

**ਜ਼ਰੂਰੀ ਨੁਕਤੇ** :

★ ਚਾਰਿਆਂ ਦੀਆਂ ਫਸਲਾਂ ਨੂੰ ਹਮੇਸ਼ਾਂ ਦੂਸਰੀਆਂ ਫਸਲਾਂ, ਜਿਨ੍ਹਾਂ ਉੱਪਰ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਹੁੰਦੀ ਹੈ, ਤੋਂ ਦੂਰ ਬੀਜੋ ।

★ ਕਣਕ ਵਿੱਚ ਜਿੱਥੇ ਗੁੱਲੀ ਡੰਡੇ ਦੀ ਰੋਕਥਾਮ ਲਈ ਲੀਡਰ/ਐੱਸ ਐੱਫ 10 / ਸਫਲ / ਮਾਰਕਸਲਫੋ / ਟੋਟਲ / ਮਾਰਕਪਾਵਰ / ਨਦੀਨਨਾਸ਼ਕ ਵਰਤੇ ਗਏ ਹੋਣ, ਉਨ੍ਹਾਂ ਖੇਤਾਂ ਵਿੱਚ ਚਰ੍ਹੀ ਜਾਂ ਮੱਕੀ ਨਾ ਬੀਜੋ ।

★ ਪਸ਼ੂਆਂ ਦੇ ਦਾਣੇ ਦੇ ਮੁਕਾਬਲੇ ਫਲੀਦਾਰ ਚਾਰੇ ਤੋਂ ਪ੍ਰੋਟੀਨ ਸਸਤੇ ਭਾਅ ਮਿਲਦੀ ਹੈ ਅਤੇ ਹਰਾ ਚਾਰਾ ਤਾਕਤ ਭਰਪੂਰ ਹੁੰਦਾ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਰਲਿਆ ਮਿਲਿਆ ਚਾਰਾ ਪੈਦਾ ਕੀਤਾ ਜਾਵੇ, ਜਿਸ ਵਿੱਚ ਫਲੀਦਾਰ ਚਾਰੇ ਜਿਵੇਂ ਕਿ ਰਵਾਂਹ, ਗੁਆਰਾ ਅਤੇ ਗੈਰ ਫਲੀਦਾਰ ਚਾਰੇ ਜਿਵੇਂ ਮੱਕੀ, ਜੁਆਰ, ਬਾਜਰਾ ਆਦਿ ਮਿਲਾ ਕੇ ਬੀਜੇ ਜਾਣ ।

★ ਚਾਰਿਆਂ ਦੀ ਬਿਜਾਈ ਸਹੀ ਸਮੇਂ ਤੇ ਕਰੋ ਅਤੇ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ ਜ਼ਰੂਰ ਕਰੋ ।

★ ਚਾਰਿਆਂ ਵਿੱਚ ਖਾਦਾਂ ਦੀ ਸੰਤੁਲਿਤ ਵਰਤੋਂ ਕਰੋ ।

★ ਵਧੀਆ ਗੁਣਵੱਤਾ ਅਤੇ ਖੁਰਾਕੀ ਤੱਤਾਂ ਨਾਲ ਭਰਪੂਰ ਚਾਰਾ ਲੈਣ ਲਈ ਚਾਰੇ ਦੀ ਕਟਾਈ ਸਹੀ ਅਵਸਥਾ ਤੇ ਕਰੋ ।

★ ਚਾਰੇ ਦੀ ਫਸਲ ਨੂੰ ਕੱਟਣ ਤੋਂ ਇਕ ਹਫਤਾ ਪਹਿਲਾਂ ਪਾਣੀ ਜ਼ਰੂਰ ਲਾਓ, ਕਿਉਕਿ ਸੋਕੇ ਦੀ ਹਾਲਤ ਵਿੱਚ ਚਰ੍ਹੀ ਅਤੇ ਬਾਜਰੇ ਦੇ ਚਾਰੇ ਵਿੱਚ ਜ਼ਹਿਰੀਲਾਪਨ ਵੱਧ ਜਾਂਦਾ ਹੈ ।

★ ਚਾਰਿਆਂ ਵਿੱਚ ਗੈਰ ਸਿਫਾਰਿਸ਼ ਰਸਾਇਣਾਂ (ਕੀਟ/ਉੱਲੀਨਾਸ਼ਕਾਂ) ਦੀ ਵਰਤੋਂ ਨਾ ਕਰੋ । ਚਾਰਿਆਂ ਵਿੱਚ ਬਿਮਾਰੀ ਅਤੇ ਕੀੜਿਆਂ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਓ ।

★ ਵੱਧ ਸੈਲੀਨੀਅਮ ਵਾਲੀਆਂ ਜ਼ਹਿਰੀਲੀਆਂ ਜ਼ਮੀਨਾਂ ਵਿੱਚ ਉਗਾਏ ਹੋਏ ਚਾਰੇ ਨੂੰ ਪਸ਼ੂਆਂ ਦੀ ਖੁਰਾਕ ਵਿੱਚ ਕਦੇ ਵੀ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ ।

★ ਨਵੰਬਰ-ਦਸੰਬਰ ਅਤੇ ਮਈ-ਜੂਨ ਦੇ ਮਹੀਨਿਆਂ ਵਿੱਚ ਪਸ਼ੂਆਂ ਲਈ ਚਾਰੇ ਦੀ ਸਖਤ ਘਾਟ ਨੂੰ ਚਾਰੇ ਦੇ ਆਚਾਰ ਅਤੇ ਹੇਅ ਨਾਲ ਪੂਰਾ ਕੀਤਾ ਜਾ ਸਕਦਾ ਹੈ ।

ਪੰਜਾਬ ਵਿੱਚ ਚਾਰੇ ਦੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਮੁੱਖ ਫਸਲਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਦੀ ਕਾਸ਼ਤ ਦਾ ਵੇਰਵਾ ਹੇਠਾਂ ਦਰਸਾਇਆ ਗਿਆ ਹੈ ।

**ਚਾਰੇ ਦੀਆਂ ਮੁੱਖ ਫਸਲਾਂ ਦੀਆਂ ਕਿਸਮਾਂ** :

1) **ਮੱਕੀ** : ਮੱਕੀ ਸਾਉਣੀ ਦੀ ਮੁੱਖ ਫਸਲ ਹੈ ਅਤੇ ਇਕ ਖੇਤ ਵਿੱਚੋਂ ਇਸ ਦੀਆਂ 2-3 ਫਸਲਾਂ ਲਈਆਂ ਜਾ ਸਕਦੀਆਂ ਹਨ । ਇਸ ਵਿਚ ਜੁਆਰ ਅਤੇ ਬਾਜਰੇ ਨਾਲੋਂ ਵੱਧ ਪ੍ਰੋਟੀਨ ਹੁੰਦੀ ਹੈ, ਜਿਸ ਕਰਕੇ ਇਸ ਫਸਲ ਦੇ ਚਾਰੇ ਨੂੰ ਦੁਧਾਰੂ ਪਸ਼ੂਆਂ ਲਈ ਵਧੀਆ ਗਿਣਿਆ ਜਾਂਦਾ ਹੈ । ਮੱਕੀ ਦੀ ਉੱਨਤ ਕਿਸਮ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :

**ਜੇ-1006** : ਇਸ ਕਿਸਮ ਦੇ ਪੌਦੇ ਉੱਚੇ, ਫੈਲਵੇਂ ਅਤੇ ਚੌੜੇ ਪੱਤਿਆਂ ਵਾਲੇ ਹੁੰਦੇ ਹਨ । ਇਸ ਕਿਸਮ ਨੂੰ ਝੁਲਸ ਰੋਗ ਅਤੇ ਭੂਰੀਆਂ ਧਾਰੀਆਂ ਦਾ ਰੋਗ ਕੁਝ ਹੱਦ ਤੱਕ ਨਹੀਂ ਲੱਗਦਾ । ਇਸ ਨੂੰ ਛੱਲੀਆਂ ਦਰਮਿਆਨੀਆਂ ਉੱਚੀਆਂ ਲੱਗਦੀਆਂ ਹਨ । ਇਸ ਕਿਸਮ ਦੀਆਂ ਛੱਲੀਆਂ ਦੇ ਦਾਣੇ ਚਿੱਟੇ, ਮੋਟੇ ਅਤੇ ਕੁੱਝ ਚਿੱਬੇ ਹੁੰਦੇ ਹਨ । ਤਕਰੀਬਨ 165 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ ।

ਜੇਕਰ ਜੇ-1006 ਕਿਸਮ ਦਾ ਬੀਜ ਨਾ ਮਿਲੇ ਤਾਂ ਮੱਕੀ ਦੀਆਂ ਕੰਪੋਜ਼ਿਟ ਕਿਸਮਾਂ ਜਿਵੇਂ ਪ੍ਰਭਾਤ, ਕੇਸਰੀ ਅਤੇ ਮੇਘਾ ਵੀ ਚਾਰੇ ਦੇ ਤੌਰ ਤੇ ਬੀਜੀਆਂ ਜਾ ਸਕਦੀਆਂ ਹਨ, ਪਰ ਜੇਕਰ ਬਿਜਾਈ ਪਿਛੇਤੀ ਕਰਨੀ ਹੋਵੇ (ਅਗਸਤ ਦੇ ਆਖਰੀ ਹਫਤੇ ਤੋਂ ਪਿਛੋਂ ) ਕੇਸਰੀ ਅਤੇ ਮੇਘਾ ਕਿਸਮਾਂ ਨਾ ਬੀਜੋ ਕਿਉਂਕਿ ਇਨ੍ਹਾਂ ਉੱਤੇ ਠੰਡ ਦਾ ਮਾੜਾ ਅਸਰ ਹੁੰਦਾ ਹੈ ।

2) **ਜੁਆਰ** : ਇਸ ਨੂੰ ਚਰ੍ਹੀ ਵੀ ਕਿਹਾ ਜਾਂਦਾ ਹੈ ਅਤੇ ਸਾਉਣੀ ਵਿੱਚ ਸਭ ਤੋਂ ਵੱਧ ਰਕਬਾ ਇਹ ਫਸਲ ਹੇਠ ਬੀਜਿਆ ਜਾਂਦਾ ਹੈ । ਇਹ ਫਸਲ ਮੱਕੀ ਅਤੇ ਬਾਜਰੇ ਨਾਲੋਂ ਵੱਧ ਦੇਰ ਤੱਕ ਹਰੀ ਰਹਿੰਦੀ ਹੈ ਅਤੇ ਪਸ਼ੂ ਵੀ ਵਧੇਰੇ ਖੁਸ਼ ਹੋ ਕੇ ਖਾਂਦੇ ਹਨ । ਜੁਆਰ ਦੀਆਂ ਉੱਨਤ ਕਿਸਮਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :



**ਪੰਜਾਬ ਸੂਡੈਕਸ ਚਰ੍ਹੀ-4** : ਇਹ ਕਈਂ ਲੌਅ ਦੇਣ ਵਾਲੀ ਦੋਗਲੀ ਕਿਸਮ ਹੈ । ਇਸ ਕਿਸਮ ਦੇ ਬੂਟੇ ਲੰਮੇ ਅਤੇ ਪੱਤੇ ਚੌੜੇ ਹੁੰਦੇ ਹਨ । ਇਸ ਕਿਸਮ ਵਿੱਚ ਲਾਲ ਧੱਬੇ ਅਤੇ ਸ਼ਾਖ ਦੀ ਮੱਖੀ ਦੇ ਹਮਲੇ ਨੂੰ ਸਹਾਰਨ ਦੀ ਸਮਰੱਥਾ ਹੈ । ਸਮੇਂ ਸਿਰ ਬੀਜੀ ਫਸਲ ਤਿੰਨ ਚੰਗੀਆਂ ਕਟਾਈਆਂ ਵਿੱਚ 445 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ ।

**ਪੰਜਾਬ ਸੂਡੈਕਸ ਚਰ੍ਹੀ-1** : ਇਹ ਵੀ ਕਈ ਲੌਅ ਦੇਣ ਵਾਲੀ ਦੋਗਲੀ ਕਿਸਮ ਹੈ । ਇਸ ਕਿਸਮ ਦੇ ਬੂਟੇ ਲੰਮੇ ਅਤੇ ਪੱਤੇ ਚੌੜੇ ਹੁੰਦੇ ਹਨ । ਇਸ ਦੇ ਟਾਂਡੇ ਰਸੀਲੇ ਅਤੇ ਮਿੱਠੇ ਹੁੰਦੇ ਹਨ । ਸਮੇਂ ਸਿਰ ਬੀਜੀ ਫਸਲ ਤਿੰਨ ਚੰਗੀਆਂ ਕਟਾਈਆਂ ਵਿੱਚ 480 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ ।

**ਐੱਸ ਐੱਲ-44** : ਇਹ ਇੱਕ ਕਟਾਈ ਦੇਣ ਵਾਲੀ, ਮਿੱਠੀ, ਰਸੀਲੀ ਅਤੇ ਪਤਲੇ ਤਣਿਆਂ ਵਾਲੀ ਕਿਸਮ ਹੈ । ਇਸ ਕਿਸਮ ਵਿੱਚ ਪਚਣਯੋਗ ਸੁੱਕਾ ਮਾਦਾ ਬਹੁਤ ਹੁੰਦਾ ਹੈ । ਇਹ ਕਿਸਮ ਲਾਲ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਸ ਕਿਸਮ ਤੋਂ ਔਸਤਨ 240 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਮਿਲ ਜਾਂਦਾ ਹੈ ।

3) **ਬਾਜਰਾ** : ਬਾਜਰਾ ਚਾਰੇ ਦੀ ਜਲਦੀ ਵੱਧਣ ਵਾਲੀ ਸਖਤ ਫਸਲ ਹੈ ਅਤੇ ਖਰਾਬ ਜਲਵਾਯੂ ਵਿੱਚ ਵੀ ਵਧੀਆ ਹੋ ਜਾਂਦੀ ਹੈ । ਬਾਜਰਾ ਹਲਕੀਆਂ ਅਤੇ ਘੱਟ ਸਿੱਲ੍ਹ ਵਾਲੀਆਂ ਜ਼ਮੀਨਾਂ ਵਿੱਚ ਵੀ ਉਗਾਇਆ ਜਾ ਸਕਦਾ ਹੈ । ਇਹ ਗਰਮ ਅਤੇ ਖੁਸ਼ਕ ਮੌਸਮ ਨੂੰ ਸਹਾਰ ਸਕਦਾ ਹੈ । ਬਾਜਰੇ ਦੀਆਂ ਉੱਨਤ ਕਿਸਮਾਂ ਦਾ ਵੇਰਵਾ ਹੇਠਾਂ ਦਰਸਾਇਆ ਗਿਆ ਹੈ :

**ਪੀ ਐੱਚ ਬੀ ਐੱਫ-1** : ਇਹ ਬਾਜਰੇ ਦੀ ਹਰੇ ਚਾਰੇ ਲਈ ਬਹੁਤੀਆਂ ਕਟਾਈਆਂ ਦੇਣ ਵਾਲੀ ਦੋਗਲੀ ਕਿਸਮ ਹੈ । ਇਸ ਕਿਸਮ ਦੇ ਪੌਦੇ 198 ਸੈਂਟੀਮੀਟਰ ਉੱਚੇ ਹੁੰਦੇ ਹਨ, ਜਿਨ੍ਹਾਂ ਦਾ ਤਣਾ ਨਰਮ ਹੁੰਦਾ ਹੈ । ਇਸ ਦੇ ਪੜਸੂਏਂ ਕਾਫੀ ਹੁੰਦੇ ਹਨ ਅਤੇ ਪੱਤੇ ਲੰਬੇ ਅਤੇ ਚੌੜੇ ਹੁੰਦੇ ਹਨ । ਇਹ ਕਿਸਮ ਬਿਮਾਰੀਆਂ ਨੂੰ ਸਹਾਰਨ ਦੀ ਸਮਰੱਥਾ ਰੱਖਦੀ ਹੈ । ਇਹ ਕਿਸਮ ਹਰੇ ਚਾਰੇ ਦਾ ਝਾੜ 256 ਕੁਇੰਟਲ ਪ੍ਰਤੀ ਏਕੜ ਦਿੰਦੀ ਹੈ ।

**ਪੀ ਸੀ ਬੀ-164** : ਇਹ ਛੇਤੀ ਵਧਣ ਵਾਲੀ ਕੰਪੋਜ਼ਿਟ ਕਿਸਮ ਹੈ । ਇਸ ਕਿਸਮ ਦੇ ਪੌਦੇ 207 ਸੈਂਟੀਮੀਟਰ ਉੱਚੇ ਹੁੰਦੇ ਹਨ ਅਤੇ ਟਾਂਡੇ ਦਰਮਿਆਨੇ ਮੋਟੇ ਹੁੰਦੇ ਹਨ । ਇਹ ਕਿਸਮ ਹਰੇ ਸਿੱਟੇ ਦੇ ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਹ ਕਿਸਮ ਹਰੇ ਚਾਰੇ ਦਾ ਝਾੜ ਤਕਰੀਬਨ 210 ਕੁਇੰਟਲ ਪ੍ਰਤੀ ਏਕੜ ਦਿੰਦੀ ਹੈ ।

**ਐੱਫ ਸੀ ਬੀ-16** : ਇਹ ਬਾਜਰੇ ਦੀ ਕੰਪੋਜ਼ਿਟ ਕਿਸਮ ਸਿਰਫ ਚਾਰੇ ਲਈ ਹੀ ਬੀਜੀ ਜਾਂਦੀ ਹੈ । ਇਹ ਕਿਸਮ ਦੂਜੀਆਂ ਕਿਸਮਾਂ ਨਾਲੋਂ 8-10 ਦਿਨ ਦੇਰ ਨਾਲ ਫੁੱਲਾਂ ਤੇ ਆਉਂਦੀ ਹੈ, ਜਿਸ ਕਰਕੇ ਲੰਬੇ ਸਮੇਂ ਤੱਕ ਹਰੀ ਰਹਿੰਦੀ ਹੈ । ਇਸ ਕਿਸਮ ਦੇ ਪੌਦਿਆਂ ਦੀ ਉਚਾਈ 235 ਸੈਂਟੀਮੀਟਰ ਹੁੰਦੀ ਹੈ ਅਤੇ ਪੱਤੇ ਚੌੜੇ ਅਤੇ ਲੰਬੇ ਹੁੰਦੇ ਹਨ । ਇਸ ਵਿੱਚ ਔਗਜ਼ਾਲੇਟ ਦੀ ਮਾਤਰਾ ਕਾਫੀ ਘੱਟ ਹੁੰਦੀ ਹੈ । ਇਹ ਮੁੱਖ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਸ ਦਾ ਹਰੇ ਚਾਰੇ ਦਾ ਔਸਤਨ ਝਾੜ 230 ਕੁਇੰਟਲ ਪ੍ਰਤੀ ਏਕੜ ਹੈ ।

**ਚਾਰੇ ਦੀਆਂ ਮੁੱਖ ਫਸਲਾਂ ਦੇ ਕਾਸ਼ਤ ਦੇ ਢੰਗ**

| ਕਾਸ਼ਤ ਦੇ ਢੰਗ | ਮੱਕੀ | ਜੁਆਰ | ਬਾਜਰਾ |
|---|---|---|---|
| ਬਿਜਾਈ ਦਾ ਸਮਾਂ | ਮਾਰਚ ਤੋਂ ਅੱਧ ਸਤੰਬਰ ਤੱਕ | ਅਪ੍ਰੈਲ ਦੇ ਆਖਰੀ ਹਫਤੇ ਤੋਂ ਮਈ ਦੋਗਲੀ ਚਰ੍ਹੀ ਲਈ<br>ਅੱਧ ਜੂਨ ਤੋਂ ਅੱਧ ਜੁਲਾਈ ਐਸ ਐਲ-44 ਲਈ | ਮਾਰਚ ਤੋਂ ਮਈ ਤੱਕ<br>ਅਗੇਤੀ ਫਸਲ ਰਵਾਂਹ ਨਾਲ ਰਲਾ ਕੇ ਬੀਜੋ |
| ਬੀਜ ਦੀ ਮਾਤਰਾ | 30 ਕਿਲੋ/ਏਕੜ<br>15 ਕਿਲੋ/ਏਕੜ ਜੇਕਰ ਰਵਾਂਹ ਰਲਾ ਕੇ ਬੀਜਣੇ ਹੋਣ | 20-25 ਕਿਲੋ ਐਸ ਐਲ-44 ਲਈ;<br>15 ਕਿਲੋ ਦੋਗਲੀ ਚਰ੍ਹੀ ਲਈ | 6-8 ਕਿਲੋ/ਏਕੜ |
| ਕਤਾਰਾਂ ਵਿਚਕਾਰ | 30 ਸੈਂਟੀਮੀਟਰ | 22 ਸੈਂਟੀਮੀਟਰ ਐਸ ਐਲ-44 ਲਈ | ਬਿਜਾਈ ਛੱਟੇ ਨਾਲ ਕਰੋ |
| ਫਾਸਲਾ | | 30 ਸੈਂਟੀਮੀਟਰ ਦੋਗਲੀ ਚਰ੍ਹੀ ਲਈ | ਬਾਰਾਨੀ ਇਲਾਕਿਆਂ ਵਿੱਚ 22 ਸੈ.ਮੀ. ਵਿੱਥ ਵਾਲੀਆਂ ਕਤਾਰਾਂ ਵਿੱਚ |
| ਬੀਜ ਦੀ ਸੋਧ | 3 ਗ੍ਰਾਮ ਬਾਵਿਸਟਨ ਜਾਂ ਐਗਰੋਜ਼ਿਮ 50 ਡਬਲਯੂ ਪੀ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ | -- | 3 ਗ੍ਰਾਮ ਐਗਰੋਜ਼ਿਮ 50 ਡਬਲਯੂ ਪੀ+ਥੀਰਮ (1:1) ਜਾਂ ਐਗਰੋਜ਼ਿਮ + ਕੈਪਟਾਨ (1:1) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ |
| ਖਾਦਾਂ ਪ੍ਰਤੀ ਏਕੜ | ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ<br>ਬਿਜਾਈ ਸਮੇਂ 55 ਕਿਲੋ ਯੂਰੀਆ ਅਤੇ 150 ਕਿਲੋ ਸਿੰਗਲ ਸੁਪਰ ਫਾਸਫੇਟ<br>ਫਿਰ 3-4 ਹਫਤੇ ਬਾਅਦ 55 ਕਿਲੋ ਯੂਰੀਆ ਪਾਉ ਜੇਕਰ 27 ਕਿਲੋ ਡੀ ਏ ਪੀ ਪਾਈ ਹੈ ਤਾਂ 10 ਕਿਲੋ ਯੂਰੀਆ ਘਟਾ ਦਿਉ | ਬਾਰਾਨੀ ਇਲਾਕੇ ਵਿੱਚ 44 ਕਿਲੋ ਯੂਰੀਆ ਬਿਜਾਈ ਸਮੇਂ ਪੋਰ ਅਤੇ ਸੇਂਜੂ ਇਲਾਕਿਆਂ 44 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰ ਫਾਸਫੇਟ ਪਾਉ । ਇਕ ਮਹੀਨੇ ਪਿਛੋਂ 44 ਕਿਲੋ ਯੂਰੀਆ ਛੱਟੇ ਨਾਲ ਪਾਉ । ਦੂਜੀਆਂ ਕਟਾਈਆਂ ਲਈ ਪਹਿਲੇ ਪਾਣੀ ਤੋਂ ਪਿੱਛੇ 88 ਕਿਲੋ ਯੂਰੀਆ ਫਿਰ ਪਾਉ । | ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ ਬਿਜਾਈ ਸਮੇਂ 22 ਕਿਲੋ ਯੂਰੀਆ ਫਿਰ 3-4 ਹਫਤੇ ਬਾਅਦ 22 ਕਿਲੋ ਯੂਰੀਆ ਪਾਉ |
| ਸਿੰਚਾਈ | ਗਰਮ ਰੁੱਤ ਵਿੱਚ 4-5 ਪਾਣੀ ਅਤੇ ਸਾਉਣੀ ਵਿੱਚ ਬਰਸਾਤ ਦੇ ਹਿਸਾਬ ਨਾਲ | ਅਗੇਤੇ ਮੌਸਮ ਦੇ ਚਾਰੇ ਲਈ 4-5 ਪਾਣੀ ਅਤੇ ਬਰਸਾਤ ਵਿੱਚ 1-2 ਪਾਣੀ | ਆਮ ਕਰਕੇ ਪਾਣੀ 2-3 ਕਾਫੀ ਹਨ । ਚੰਗਾ ਹੋਵੇਗਾ ਜੇ ਪਾਣੀ ਹਲਕੇ ਅਤੇ ਬਹੁਤੇ ਦਿੱਤੇ ਜਾਣ । |
| ਨਦੀਨਾਂ ਦੀ ਰੋਕਥਾਮ | ਬਿਜਾਈ ਤੋਂ ਦੋ ਦਿਨ ਦੇ ਵਿੱਚ 500-800 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ । ਜੇਕਰ ਵਿੱਚ ਰਵਾਂਹ ਬੀਜੇ ਹੋਣ ਤਾਂ ਐਟਰਾਟਾਫ ਦੀ ਵਰਤੋਂ ਨਾ ਕਰੋ ਅਤੇ ਇਕ ਲੀਟਰ ਸਟੌਂਪ 30 ਤਾਕਤ 200 ਲੀਟਰ ਪਾਣੀ ਵਿੱਚ ਘੋਲ ਕੇ ਕਰੋ । | ਬਿਜਾਈ ਤੋਂ ਦੋ ਦਿਨ ਦੇ ਵਿੱਚ 400 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ । ਜੇਕਰ ਵਿੱਚ ਗੁਆਰਾ ਬੀਜਿਆ ਹੋਵੇ ਤਾਂ ਐਟਰਾਟਾਫ ਦੀ ਵਰਤੋਂ ਨਾ ਕਰੋ ਅਤੇ ਇਕ ਲੀਟਰ ਸਟੌਂਪ 30 ਤਾਕਤ 200 ਲੀਟਰ ਪਾਣੀ ਵਿੱਚ ਘੋਲ ਕੇ ਕਰੋ । | ਬਿਜਾਈ ਤੋਂ ਦੋ ਦਿਨ ਦੇ ਵਿੱਚ 200 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ । |
| ਕਟਾਈ | ਜਦੋਂ ਮੱਕੀ ਦੀ ਫਸਲ ਦੋਦੇ ਤੇ ਹੋਵੇ ਅਤੇ ਦਾਣੇ ਨਰਮ ਹੋਣ (ਬਿਜਾਈ ਤੋਂ 50-60 ਦਿਨਾਂ ਪਿਛੋਂ ਤੋਂ ) | ਦੋਗਲੀ ਚਰ੍ਹੀ ਲਈ ਪਹਿਲਾ ਲੌਅ 55 ਤੋਂ 65 ਦਿਨਾਂ ਪਿਛੋਂ ਅਤੇ ਬਾਕੀ ਲੌਅ 35-40 ਦਿਨਾਂ ਦੇ ਫਰਕ ਨਾਲ, ਅਤੇ ਐਸ ਐਲ-44 ਲਈ ਬਿਜਾਈ ਤੋਂ 65-80 ਦਿਨਾਂ ਪਿਛੋਂ | ਬਿਜਾਈ ਤੋਂ 45-55 ਦਿਨਾਂ ਪਿਛੋਂ<br>ਜਦੋਂ ਸਿੱਟੇ ਨਿਕਲਣੇ ਸ਼ੁਰੂ ਹੋਣ ਫਸਲ ਦੇ 50 ਪ੍ਰਤੀਸ਼ਤ ਸਿੱਟੇ ਨਹੀਂ ਨਿਕਲਣੇ ਚਾਹੀਦੇ । |

# ਗੰਨੇ ਦੀ ਫਸਲ ਤੋਂ ਵਧੇਰੇ ਮੁਨਾਫਾ ਲੈਣ ਲਈ ਕੀੜੇ-ਮਕੌੜੇ ਅਤੇ ਰੋਗ ਰਹਿਤ ਗੰਨੇ ਦਾ ਉਤਪਾਦਨ

ਅਨੁਰਾਧਾ, ਲੇਨਿਕਾ ਕਸ਼ਯਪ ਅਤੇ ਪਰਮਿੰਦਰ ਕੌਰ,
ਖੇਤਰੀ ਖੋਜ ਕੇਂਦਰ, ਕਪੂਰਥਲਾ

**ਕਮਾਦ ਪੰਜਾਬ ਦੀ ਇੱਕ ਮਹੱਤਵਪੂਰਨ ਖੇਤੀ ਉਦਯੋਗਿਕ ਫਸਲ ਹੈ । ਜਿਸ ਦੀ 75 ਪ੍ਰਤੀਸ਼ਤ ਵਰਤੋਂ ਖੰਡ ਬਣਾਉਣ ਲਈ ਕੀਤੀ ਜਾਂਦੀ ਹੈ । ਪੰਜਾਬ ਵਿੱਚ ਇਸ ਦੀ ਖੇਤੀ ਤਕਰੀਬਨ 92 ਹਜ਼ਾਰ ਹੈਕਟੇਅਰ ਖੇਤਰ ਵਿੱਚ ਕੀਤੀ ਜਾਂਦੀ ਹੈ ਅਤੇ ਇਸਦਾ ਔਸਤਨ ਝਾੜ 294 ਕੁਇੰਟਲ ਪ੍ਰਤੀ ਏਕੜ ਹੈ । ਗੰਨੇ ਦੀ ਫਸਲ ਤਕਰੀਬਨ 10-14 ਮਹੀਨੇ ਖੇਤ ਵਿੱਚ ਰਹਿੰਦੀ ਹੈ ਅਤੇ ਇਸ ਨਾਲ ਵੱਖ-ਵੱਖ ਸਮੇਂ ਤੇ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਹਮਲਾ ਹੁੰਦਾ ਹੈ । ਕੀੜਿਆਂ ਦੇ ਹਮਲੇ ਦੇ ਨਾਲ ਗੰਨੇ ਦਾ ਝਾੜ 15-20 ਪ੍ਰਤੀਸ਼ਤ ਘੱਟ ਜਾਂਦਾ ਹੈ ਅਤੇ ਖੰਡ ਦੀ ਪ੍ਰਾਪਤੀ 1.7-3.07 ਘੱਟ ਜਾਂਦੀ ਹੈ ਅਤੇ ਇਸੇ ਤਰ੍ਹਾਂ ਬਿਮਾਰੀਆਂ ਨਾਲ ਦੀ ਕਮਾਦ ਦੀ ਝਾੜ (10-15 ਪ੍ਰਤੀਸ਼ਤ) ਅਤੇ ਖੰਡ ਦੀ ਪ੍ਰਾਪਤੀ (2 ਪ੍ਰਤੀਸ਼ਤ) ਘੱਟ ਜਾਂਦੀ ਹੈ । ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਨਾਲ ਫਸਲ ਦੇ ਝਾੜ ਅਤੇ ਖੰਡ ਦੀ ਪ੍ਰਾਪਤੀ ਵਿੱਚ ਵਾਧਾ ਲਿਆਉਣ ਲਈ ਹੇਠ ਲਿਖੇ ਨੁਸਖਿਆਂ ਨੂੰ ਅਪਨਾਉਣਾ ਬਹੁਤ ਹੀ ਲਾਹੇਵੰਦ ਹੈ ।**

ਗੰਨੇ ਦੇ ਕੀੜੇ-ਮਕੌੜੇ

**ਸਿਉਂਕ (Termite)** : ਸਿਉਂਕ ਦਾ ਹਮਲਾ ਅਪ੍ਰੈਲ ਤੋਂ ਜੂਨ ਵਿੱਚ ਹੁੰਦਾ ਹੈ । ਜੋ ਕਿ ਪਾਣੀ ਦੀ ਕਮੀਂ ਅਤੇ ਰੇਤਲੀ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ । ਇਸ ਦਾ ਹਮਲਾ ਬਿਜਾਈ ਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ । ਇਹ ਜੰਮ ਰਹੇ ਬੂਟਿਆਂ ਨੂੰ



ਨੁਕਸਾਨ ਕਰਦੀ ਹੈ ਅਤੇ ਉੱਗ ਰਹੇ ਛੋਟੇ ਬੂਟਿਆਂ ਨੂੰ ਵੀ ਸੁਕਾ ਦਿੰਦੀ ਹੈ ।

**ਇਸ ਦੀ ਰੋਕਥਾਮ ਲਈ** :

★ ਸਿਰਫ ਗਲੀ ਸੜੀ ਰੂੜੀ ਦੀ ਵਰਤੋਂ ਕਰੋ ।

★ ਖੇਤ ਵਿੱਚ ਖੋਰੀ ਅਤੇ ਘਾਹ ਕੱਢ ਦਿਉ ।

★ ਦੋ ਲਿਟਰ ਕੈਨੋਡਾਨ / ਮਾਰਡੇਨ / ਗ੍ਰਮੈਕਸ 20 ਈ ਸੀ (ਗਾਮਾ ਬੀ ਐਚ ਸੀ) 500 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਸਿਆੜਾਂ ਵਿੱਚ ਪਈਆਂ ਗੁੱਲੀਆਂ ਉੱਪਰ ਛਿੜਕੋ ਜਾਂ 10 ਕਿਲੋ ਰੀਜੈਂਟ 0.3 ਜੀ (ਫਿਪਰੋਨਿਲ) ਜਾਂ 7.5 ਕਿਲੋ ਸੇਵੀਡੋਲ 4:4 ਜੀ (ਗਾਮਾ ਬੀ ਐਚ ਸੀ+ ਕਾਰਬਰਿਲ) ਪ੍ਰਤੀ ਏਕੜ ਦੀ ਵਰਤੋਂ ਕਰੋ ਅਤੇ ਬਾਅਦ ਵਿੱਚ ਸੁਹਾਗਾ ਫੇਰ ਕੇ ਗੁਲੀਆਂ ਨੂੰ ਢੱਕ ਦਿਓ ।

★ ਫਸਲ ਦਾ ਜੰਮ ਪੂਰਾ ਹੋਣ ਤੋਂ ਬਾਅਦ (ਬਿਜਾਈ ਤੋਂ 45 ਦਿਨਾਂ ਪਿਛੋਂ) 10 ਕਿਲੋ ਰੀਜੈਂਟ/ਮੋਰਟੈਲ 0.3 ਜੀ (ਫਿਪਰੋਨਿਲ) ਜਾਂ 10 ਕਿਲੋ ਪਦਾਨ / ਕੈਲਡਾਨ / ਕਰੀਟਾਪ 4 ਜੀ ਦੇ ਕੈਪਸੂਲਾਂ ਨੂੰ 20 ਕਿਲੋ ਮਿੱਟੀ / ਰੇਤਾ ਵਿੱਚ ਮਿਲਾ ਕੇ ਜਾਂ 45 ਮਿਲੀਲਿਟਰ ਇਮਿਡਾਗੋਲਡ 17.8 ਐਸ ਐਲ (ਇਮਿਡਾਕਲੋਪਰਿਡ) ਜਾਂ 2 ਲਿਟਰ ਡਰਮਟ / ਕਲਾਸਿਕ / ਡਰਸਬਾਨ ਮਾਰਕਪਾਈਰੀਫਾਸ 20 ਈ ਸੀ (ਕਲੋਰਪਾਈਰੀਫਾਸ) ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਉ ਅਤੇ ਹਲਕੀ ਮਿੱਟੀ ਚੜ੍ਹਾ ਕੇ ਪਤਲਾ ਪਾਣੀ ਦਿਓ ।

**ਅਗੇਤੀ ਫੋਟ ਦਾ ਗੜੂੰਆਂ (Early Shoot Borer)** : ਇਹ ਕੀੜਾ ਅਪ੍ਰੈਲ ਤੋਂ ਜੂਨ ਵਿੱਚ ਹਮਲਾ ਕਰਦਾ ਹੈ ਅਤੇ ਗਰਮੀ ਦੇ ਮੌਸਮ ਵਿੱਚ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ । ਇਸ ਦੇ ਕਾਰਨ ਗੰਨੇ ਦੀ ਗੋਭ ਸੁੱਕ ਜਾਂਦੀ ਹੈ । ਜੋ ਕਿ ਆਸਾਨੀ ਨਾਲ ਖਿੱਚੀ ਜਾ ਸਕਦੀ ਅਤੇ ਬਦਬੂ ਮਾਰਦੀ ਹੈ ।

**ਇਸ ਦੀ ਰੋਕਥਾਮ ਲਈ** :

★ ਫਸਲ ਕੁਝ ਅਗੇਤੀ ਬੀਜੋ (ਅੱਧ ਮਾਰਚ ਤੋਂ ਪਹਿਲਾਂ) ।

★ ਕਮਾਦ ਦੀ ਬਿਜਾਈ ਸਮੇਂ, 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ (ਫਿਪਰੋਨਿਲ) ਦਾਣੇਦਾਰ ਦਵਾਈ ਪਾਉ



ਅਤੇ ਬਾਅਦ ਵਿੱਚ ਸੁਹਾਗਾ ਫੇਰ ਕੇ ਗੁੱਲੀਆਂ ਢੱਕ ਦਿਉ ਜਾਂ ਫਸਲ ਦਾ ਜੰਮ ਪੂਰਾ ਹੋਣ ਤੋਂ ਬਾਅਦ (ਬਿਜਾਈ ਤੋਂ 45 ਦਿਨਾਂ ਬਾਅਦ) 10 ਕਿਲੋ ਪਾਦਾਨ/ਕੈਲਡਾਨ/ਕਰੀਟਾਪ 4 ਜੀ ਜਾਂ 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ (ਫਿਪਰੋਨਿਲ) ਨੂੰ 20 ਕਿਲੋ ਗਿੱਲ੍ਹੀ ਮਿੱਟੀ/ਰੇਤ ਵਿੱਚ ਮਿਲਾ ਕੇ ਜਾਂ 150 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਨਟਰੈਨੀਲੀਪਰੋਲ) ਜਾਂ 45 ਮਿਲੀਲਿਟਰ ਇਮਿਡਾਗੋਲਡ 17.8 ਐਸ ਐੱਲ (ਇਮਿਡਾਕਲੋਪਰਿਡ) ਜਾਂ 2 ਲਿਟਰ ਡਰਮਟ ਕਲਾਸਿਕ/ਡਰਸਬਾਨ / ਮਾਰਕ ਪਾਈਰੀਫਾਸ 20 ਈ ਸੀ (ਕਲੋਰਪਾਈਰੀਫਾਸ) ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਉ ਅਤੇ ਹਲਕੀ ਮਿੱਟੀ ਚੜ੍ਹਾ ਕੇ ਪਤਲਾ ਪਾਣੀ ਦਿਓ ।

★ ਟਰਾਈਕੋਗਰਾਮਾ ਕਿਲੋਨਸ (ਮਿੱਤਰ ਕੀੜੇ) ਰਾਹੀਂ ਸੱਤ ਦਿਨ ਪਹਿਲਾਂ ਪ੍ਰਜੀਵੀ ਕਿਰਿਆ ਕੀਤੇ ਕੋਰਸਾਇਰਾ ਦੇ ਤਕਰੀਬਨ 20,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਅੱਧ ਅਪ੍ਰੈਲ ਤੋਂ ਜੂਨ ਅਖੀਰ ਤੱਕ 10 ਦਿਨਾਂ ਦੇ ਫਰਕ ਨਾਲ ਵਰਤੋ । ਇਹ ਅੰਡੇ ਤਕਰੀਬਨ 10×15 ਸੈਂਟੀਮੀਟਰ ਵਾਲੇ ਕਾਰਡਾਂ ਉੱਪਰ ਲਗਾਏ ਜਾਂਦੇ ਹਨ । ਇਨ੍ਹਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿੱਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉੱਪਰ ਤਕਰੀਬਨ 500 ਅੰਡੇ ਹੋਣ । ਇਨ੍ਹਾਂ ਹਿੱਸਿਆਂ ਨੂੰ ਪੱਤਿਆਂ ਦੇ ਹੇਠਲੇ ਪਾਸੇ ਇੱਕ ਏਕੜ ਵਿੱਚ ਬਰਾਬਰ ਦੂਰੀ ਤੇ 40 ਥਾਂਵਾਂ ਤੇ ਸ਼ਾਮ ਵੇਲੇ ਨੱਥੀ ਕਰੋ । ਇਹ ਕਿਰਿਆ 8 ਵਾਰ ਦੁਹਰਾਉਣ ਦੀ ਲੋੜ ਪੈਂਦੀ ਹੈ । ਇਹ ਕਾਰਡ ਮੀਂਹ ਵਾਲੇ ਦਿਨ ਵਰਤਣੇ ਚਾਹੀਦੇ ਹਨ ।

**ਆਗ ਦਾ ਗੜੂੰਆਂ (Top Borer)** : ਇਹ ਕੀੜਾ ਮਾਰਚ ਤੋਂ ਅਕਤੂਬਰ ਤੱਕ ਹਮਲਾ ਕਰਦਾ ਹੈ ਪਰ ਜੁਲਾਈ ਅਗਸਤ ਦੌਰਾਨ ਬਹੁਤ ਹਾਨੀਕਾਰਕ ਹੁੰਦਾ ਹੈ । ਇਸਦੇ ਹਮਲੇ ਕਰਕੇ ਗੰਨੇ ਦੇ ਸਿਰੇ ਤੇ ਗੋਭ ਵਾਲਾ ਪੱਤਾ ਸੁੱਕ ਜਾਂਦਾ ਹੈ ਅਤੇ ਕਾਲੇ ਰੰਗ ਦਾ ਹੋ ਜਾਂਦਾ ਹੈ । ਇਸ ਦੇ ਹਮਲੇ ਦੀਆਂ ਹੋਰ ਨਿਸ਼ਾਨੀਆਂ ਵੀ ਹੁੰਦੀਆਂ ਹਨ ਕਿ ਇਹ ਆਗ ਵਿੱਚ ਮੋਰੀਆਂ ਕਰ ਦਿੰਦਾ ਹੈ, ਪੱਤੇ ਦੀ ਰੀੜ੍ਹ ਤੇ ਉਪਰਲੇ ਸਿਰੇ ਵੱਲ ਚਿੱਟੀਆਂ ਜਾਂ ਲਾਲ ਧਾਰੀਆਂ ਪੈ ਜਾਂਦੀਆਂ ਹਨ ਅਤੇ ਗੰਨਾ ਛਾਂਗਾ ਹੋ ਜਾਂਦਾ ਹੈ ।

**ਇਸ ਦੀ ਰੋਕਥਾਮ ਲਈ** :

★ਇਸ ਕੀੜੇ ਦੇ ਭੰਬਟ ਅਤੇ ਅੰਡੇ ਇਕੱਠੇ ਕਰਕੇ ਨਸ਼ਟ ਕਰ ਦਿਉ ।

★ ਹਮਲੇ ਵਾਲੇ ਪੜਸੂਏ ਅਪ੍ਰੈਲ ਅਤੇ ਜੂਨ ਦੇ ਦੌਰਾਨ ਕੱਟੋ ।

ਟਰਾਈਕੋਗਰਾਮਾ ਜਪੋਨੀਕਮ (ਮਿੱਤਰ ਕੀੜੇ) ਰਾਹੀਂ ਸੱਤ ਦਿਨ ਪਹਿਲਾਂ ਪ੍ਰਜੀਵੀ ਕਿਰਿਆ ਅਤੇ ਕੋਰਸਾਇਰਾ ਦੇ ਤਕਰੀਬਨ 20,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਅੱਧ ਅਪ੍ਰੈਲ ਤੋਂ ਜੂਨ ਅਖੀਰ ਤੱਕ 10 ਦਿਨ ਦੇ ਫਰਕ ਨਾਲ ਵਰਤੋਂ ।

★ ਜੂਨ ਦੇ ਆਖਰੀ ਹਫਤੇ ਜਾਂ ਜੁਲਾਈ ਦੇ ਪਹਿਲੇ ਹਫਤੇ (ਜੇਕਰ ਹਮਲਾ 5% ਤੋਂ ਵੱਧ ਹੋਵੇ), ਪ੍ਰਤੀ ਏਕੜ ਦੇ ਹਿਸਾਬ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿਲੋ ਫਿਊਰਾਡਾਨ / ਡਾਈਫਿਊਰਾਨ / ਫਿਊਰਾਕਾਰਬ / ਕਾਰਬੋਸਿਲ / ਫਿਊਰੀ 3 ਜੀ ਦੇ ਕੈਪਸੂਲ (ਕਾਰਬੋਫੂਰਾਨ) ਦੇ ਕੈਪਸੂਲ ਨੂੰ ਸ਼ਾਖਾ ਦੇ ਮੁੱਢਾਂ ਨੇੜੇ ਪਾਉ ਅਤੇ ਮੁੱਢਾਂ ਨੂੰ ਹਲਕੀ ਮਿੱਟੀ ਚਾੜ੍ਹ ਕੇ ਖੇਤ ਨੂੰ ਪਾਣੀ ਲਾ ਦਿਉ ।

**ਤਣੇ ਦਾ ਗੜੂੰਆਂ (Stalk Borer)** : ਇਹ ਕੀੜਾ ਸਾਰਾ ਸਾਲ ਹੀ ਸਰਗਰਮ ਰਹਿੰਦਾ ਹੈ । ਇਸ ਕੀੜੇ ਦੀਆਂ ਸੁੰਡੀਆਂ ਸਰਦੀਆਂ ਵਿੱਚ ਨਵੇਂ



ਪੜਸੂਇਆਂ ਜਾਂ ਮੁੱਢਾਂ ਵਿੱਚ ਰਹਿੰਦੀਆਂ ਹਨ । ਇਨ੍ਹਾਂ ਦਾ ਹਮਲਾ ਅਪ੍ਰੈਲ, ਮਈ ਅਤੇ ਜੂਨ ਵਿੱਚ ਕੁੱਝ ਘੱਟ ਹੁੰਦਾ ਹੈ, ਪਰ ਜੁਲਾਈ ਵਿੱਚ ਵੱਧ ਜਾਂਦਾ ਹੈ । ਅਕਤੂਬਰ ਅਤੇ ਨਵੰਬਰ ਵਿੱਚ ਇਹ ਸਭ ਤੋਂ ਵੱਧ ਸਰਗਰਮ ਹੁੰਦਾ ਹੈ । ਇਸ ਕੀੜੇ ਦੀਆਂ ਬਾਹਰਲੀਆਂ ਕੋਈ ਨਿਸ਼ਾਨੀਆਂ ਨਹੀਂ ਹਨ । ਇਹ ਕੀੜੇ ਦੀਆਂ ਸੁੰਡੀਆਂ ਨੂੰ ਤਣੇ ਵਿੱਚ ਵੜਨ ਅਤੇ ਨਿਕਲਣ ਵਾਲੀਆਂ ਮੋਰੀਆਂ ਕੇਵਲ ਗੰਨਾ ਛਿੱਲ ਕੇ ਹੀ ਵੇਖੀਆਂ ਜਾ ਸਕਦੀਆਂ ਹਨ । ਇੱਕ ਸੁੰਡੀ ਕਈ ਵਾਰ ਤਿੰਨ ਗੰਢਾਂ ਦਾ ਨੁਕਸਾਨ ਕਰ ਦਿੰਦੀ ਹੈ ਅਤੇ ਗੰਨੇ ਉੱਪਰ ਕਈ ਥਾਂਵਾਂ ਤੇ ਹਮਲਾ ਕਰਦੀ ਹੈ । ਗੰਭੀਰ ਹਮਲੇ ਦੀ ਸੂਰਤ ਵਿੱਚ ਗੰਨੇ ਦੇ ਝਾੜ ਅਤੇ ਮਿਠਾਸ ਵਾਲੇ ਤੱਤਾਂ ਤੇ ਬਹੁਤ ਅਸਰ ਪੈਂਦਾ ਹੈ ।

**ਇਸ ਦੀ ਰੋਕਥਾਮ ਲਈ** :

★ ਹਮਲੇ ਵਾਲੇ ਖੇਤ ਵਿੱਚੋਂ ਬੀਜ ਨਾ ਲਓ ।

★ 40 ਟਰਾਈਕੋਕਾਰਡ ਦੇ (5×2 ਸੈਂਟੀਮੀਟਰ) ਜਿਸ ਉੱਪਰ 7 ਦਿਨ ਪਹਿਲਾਂ ਟਰਾਈਕੋਗਰਾਮਾ ਕਿਲੋਨਸ ਰਾਹੀਂ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ ਅੰਡੇ ਗੂੰਦ ਨਾਲ ਲਗਾਏ ਹੁੰਦੇ ਹਨ, ਗੰਨੇ ਦੇ ਪੱਤਿਆਂ ਦੇ ਹੇਠਲੇ ਪਾਸੇ ਜੁਲਾਈ ਤੋਂ ਅਕਤੂਬਰ ਦੌਰਾਨ 10 ਦਿਨ ਦੇ ਫਰਕ ਨਾਲ ਨੱਥੀ ਕਰੋ । ਹਰ ਇੱਕ ਟੁਕੜੇ ਤੇ ਲਗਭਗ 500 ਪ੍ਰਜੀਵੀ ਕਿਰਿਆ ਵਾਲੇ ਅੰਡੇ ਲੱਗੇ ਹੋਣੇ ਚਾਹੀਦੇ ਹਨ ਅਤੇ ਇਹ ਟੁਕੜੇ ਇੱਕ ਏਕੜ ਵਿੱਚ 40 ਥਾਂਵਾਂ ਤੇ ਨੱਥੀ ਕਰੋ । ਆਮ ਹਾਲਤਾਂ ਵਿੱਚ ਇਹ ਕਿਰਿਆ 10 ਤੋਂ 12 ਵਾਰ ਦੁਹਰਾਈ ਜਾਣ ਦੀ ਲੋੜ ਪੈਂਦੀ ਹੈ ।

★ ਫਸਲ ਕੱਟਣ ਵੇਲੇ ਸਾਰੇ ਪੜਸੂਏ ਵੀ ਕੱਟ ਦਿਉ । ਇਸ ਕੀੜੇ ਦੀ ਮਾਰ ਵਾਲੀ ਫਸਲ ਮੁਢਾ ਨਾ ਰੱਖੋ ।

★ ਫਸਲ ਕੱਟ ਕੇ ਖੇਤ ਵਾਹੋ ਅਤੇ ਮੁੱਢ ਵਗੈਰਾ ਇਕੱਠੇ ਕਰਕੇ ਨਸ਼ਟ ਕਰ ਦਿਓ ।

**ਕਾਲਾ ਖਟਮਲ (Black Bug)** : ਹਮਲੇ ਵਾਲੀ ਫਸਲ ਪੀਲੀ ਹੋ ਜਾਂਦੀ ਹੈ । ਇਹ ਕੀੜਾ ਪਹਿਲਾਂ ਗੁਲਾਬੀ ਅਤੇ ਫਿਰ ਕਾਲੇ ਰੰਗ ਦਾ ਹੋ ਜਾਂਦਾ ਹੈ । ਇਹ ਦੋਹਾਂ ਹਾਲਤਾਂ ਵਿੱਚ ਹੀ ਪੱਤੇ ਦਾ ਰਸ ਚੂਸਦਾ ਹੈ ਅਤੇ ਅਪ੍ਰੈਲ, ਮਈ ਅਤੇ ਜੂਨ ਵਿੱਚ ਬਹੁਤ ਸਰਗਰਮ ਹੁੰਦਾ ਹੈ ।

**ਰੋਕਥਾਮ** ★ ਇਸ ਦੀ ਰੋਕਥਾਮ ਲਈ 350 ਮਿਲੀਲਿਟਰ ਡਰਸਬਾਨ / ਲੀਥਲ / ਮਾਸਬਾਨ / ਗੋਲਡਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਹੱਥ ਵਾਲੇ ਸਪਰੇਅ ਪੰਪ ਨਾਲ ਪ੍ਰਤੀ ਏਕੜ ਦਾ ਹਿਸਾਬ ਛਿੜਕਾਅ ਕਰੋ । ਸਪਰੇਅ ਦਾ ਰੁੱਖ ਪੱਤਿਆਂ ਦੀ ਗੋਭ ਵੱਲ ਰੱਖੋ ।

**ਚਿੱਟੀ ਮੱਖੀ (Whitefly)** : ਇਸ ਕੀੜੇ ਦਾ ਹਮਲੇ ਨਾਲ ਅਗਸਤ-ਅਕਤੂਬਰ ਦੇ ਮਹੀਨੇ ਹਮਲੇ ਵਾਲੀ ਫਸਲ ਪੀਲੀ ਨਜ਼ਰ ਆਉਂਦੀ ਹੈ । ਪੱਤਿਆਂ ਦਾ ਰੰਗ ਉੱਲੀ ਲੱਗਣ ਕਾਰਨ ਕਾਲਾ ਹੋ ਜਾਂਦਾ ਹੈ । ਪੱਤਿਆਂ ਦੇ ਹੇਠਲੇ ਪਾਸੇ ਮੱਖੀ ਦੇ ਛੋਟੇ-ਛੋਟੇ ਬੱਚੇ ਬਹੁਤ ਗਿਣਤੀ ਵਿੱਚ ਲੱਗੇ ਹੁੰਦੇ ਹਨ ਅਤੇ ਪੱਤਿਆਂ ਦਾ ਰਸ ਚੂਸਦੇ ਹਨ ।

**ਰੋਕਥਾਮ** ★ ਚਿੱਟੀ ਮੱਖੀ ਦੀ ਰੋਕਥਾਮ ਲਈ 40 ਮਿਲੀਲਿਟਰ ਕੋਨਫੀਡੋਰ 200 ਐਸ ਐਲ (ਇਮੀਡਾਕਲੋਪਰਿਡ) ਪ੍ਰਤੀ ਏਕੜ ਛਿੜਕੋ । ਘੋਲ ਬਣਾਉਣ ਲਈ 150 ਲਿਟਰ ਪਾਣੀ ਵਰਤੋ ਅਤੇ ਛਿੜਕਾਅ ਹੱਥ ਵਾਲੇ ਸਪਰੇਅ ਪੰਪ ਨਾਲ ਕਰੋ ।

**ਗੰਨੇ ਦੀਆਂ ਬਿਮਾਰੀਆਂ : ਰੱਤਾ ਰੋਗ** : ਇਹ ਰੋਗ ਇੱਕ ਉੱਲੀ ਕਰਕੇ ਹੁੰਦਾ ਹੈ । ਇਹ ਬਿਮਾਰੀ ਮੁੱਖ ਤੌਰ ਤੇ ਰੋਗੀ ਬਰੋਟਿਆਂ ਨਾਲ ਹੁੰਦੀ ਹੈ । ਇਹ ਬਿਮਾਰੀ ਜੁਲਾਈ ਤੋਂ ਫਸਲ ਦੀ ਕਟਾਈ ਤੱਕ ਮਾਰ ਕਰਦੀ ਹੈ । ਇਹ ਬਿਮਾਰੀ ਮੁੱਖ ਤੌਰ ਤੇ ਗੰਨੇ ਦੀ ਹੈ ਹਾਲਾਂਕਿ ਇਹ ਪੱਤਿਆਂ ਤੇ ਵੀ ਅਸਰ ਕਰਦੀ ਹੈ । ਸ਼ੁਰੂਆਤੀ ਨਿਸ਼ਾਨੀਆਂ ਵਿਚ ਸਿਰੇ ਵਾਲੇ ਪੱਤਿਆਂ ਦਾ ਰੰਗ ਬਦਲ ਕੇ ਪੀਲਾ ਪੈ ਜਾਂਦਾ ਹੈ ਅਤੇ ਫਿਰ ਸਾਰੇ ਪੱਤੇ ਮੁਰਝਾਅ ਜਾਂਦੇ ਹਨ । ਚੀਰੇ ਹੋਏ ਗੰਨਿਆਂ ਦਾ ਅੰਦਰੋਂ ਗੁੱਦਾ ਲਾਲ ਹੋ ਜਾਂਦਾ ਹੈ ਅਤੇ ਚੌੜੇ ਪਾਸੇ ਵੱਲ ਲੰਬੂਤਰੇ ਚਿੱਟੇ ਧੱਬੇ ਇਸਨੂੰ ਕੱਟਦੇ ਨਜ਼ਰ ਆਉਂਦੇ ਹਨ । ਇਨ੍ਹਾਂ ਚੀਰੇ ਹੋਏ ਗੰਨਿਆਂ ਵਿੱਚੋਂ ਸ਼ਰਾਬ ਵਰਗੀ ਬੂ ਆਉਂਦੀ ਹੈ ।

**ਰੋਕਥਾਮ** : ★ ਬਿਜਾਈ ਲਈ ਬੀਜ ਕੇਵਲ ਰੋਗ-ਰਹਿਤ ਫਸਲ ਵਿੱਚੋਂ ਲਵੋ ।

★ ਰੋਗ ਦਾ ਟਾਕਰਾ ਕਰਨ ਯੋਗ ਕਿਸਮਾਂ ਜਿਵੇਂ ਸੀ. ਓ ਪੀ ਬੀ 92, 118, ਸੀ. ਓ ਜੇ 85, ਸੀ. ਓ ਪੀ ਬੀ 93, ਸੀ. ਓ ਪੀ ਬੀ 94, ਸੀ. ਓ ਪੀ ਬੀ 91, ਸੀ. ਓ 238 ਅਤੇ ਸੀ. ਓ ਜੇ 88 ਹੀ ਬੀਜੋ ।

★ ਬਿਮਾਰੀ ਵਾਲੇ ਖੇਤਾਂ ਵਿੱਚ

ਬਾਕੀ ਸਫਾ 14 'ਤੇ

# ਜ਼ਮੀਨ ਨਹੀਂ ਤਾਂ ਜੀਵਨ ਨਹੀਂ



ਰਸ਼ਪਾਲ ਸਿੰਘ
ਮੋ. 98785-00567

ਚੋਣ ਬਾਂਡ ਦੇ ਖੁਲਾਸਿਆਂ ਨਾਲ ਇਕ ਵਾਰੀ ਫਿਰ ਕਾਰਪੋਰਟ ਘਰਾਣਿਆਂ ਦੀ ਸੱਤਾਧਾਰੀ ਪਾਰਟੀ ਨਾਲ ਮਿਲੀਭੁਗਤ ਦੇਸ਼ 'ਚ ਬੇਹੱਦ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਰਮਾਏਦਾਰਾਂ ਵੱਲੋਂ ਰਾਜਸੀ ਪਾਰਟੀਆਂ ਨੂੰ ਚੰਦਾ ਦੇਣਾ ਕੋਈ ਨਵੀਂ ਗੱਲ ਨਹੀਂ ਪਰ ਚੋਣ ਬਾਂਡ ਨੇ ਸੱਤਾਧਾਰੀ ਪਾਰਟੀ ਨੂੰ ਚੰਦਾ ਦੇ ਕੇ ਆਪਣੀ ਮਰਜ਼ੀ ਦੇ ਕਾਰੋਬਾਰ ਹਾਸਿਲ ਕਰਨ ਕਰਨ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ। ਫੋਰਬਸ ਦੀ ਇੱਕ ਖੋਜ ਰਿਪੋਰਟ ਮੁਤਾਬਿਕ ਅਮਰੀਕਾ ਵਿਚ ਪੰਜ ਵੱਡੀਆਂ ਕੰਪਨੀਆਂ ਨੇ 2005 ਤੋਂ ਲੈ ਕੇ 2018 ਤੱਕ 13 ਸਾਲ ਵਿਚ ਜਿੰਨੇ ਡਾਲਰ ਲਾਬਿੰਗ ਲਈ ਖਰਚੇ ਓਨੇ ਭਾਰਤ ਦੀਆਂ ਕੰਪਨੀਆਂ ਨੇ ਮਾਰਚ 2019 ਤੇ ਅਪਰੈਲ 2019 ਭਾਵ, ਦੋ ਮਹੀਨੇ ਵਿਚ ਚੋਣ ਬਾਂਡ ਲਈ ਖਰਚੇ ਹਨ।

ਚੋਣ ਬਾਂਡ ਰਾਹੀਂ ਚੰਦਾ ਦੇਣ ਵਾਲੀਆਂ ਕਾਰਪੋਰੇਟ ਕੰਪਨੀਆਂ ਵਿਚ ਸਭ ਤੋਂ ਵੱਧ ਮਾਈਨਿੰਗ ਤੇ ਰੀਅਲ ਐਸਟੇਟ ਨਾਲ ਸਬੰਧਿਤ ਕੰਪਨੀਆਂ ਹਨ। ਜੇਕਰ ਇਸ ਦੀ ਤਹਿ ਤੱਕ ਜਾ ਕੇ ਬਾਰੀਕੀ ਨਾਲ ਘੋਖਿਆ ਜਾਵੇ ਤਾਂ ਸਭ ਤੋਂ ਘੱਟ ਚਰਚਿਤ ਤੇ ਸਭ ਤੋਂ ਪ੍ਰਮੁੱਖ ਮਸਲਾ ਜ਼ਮੀਨਾਂ ਨਾਲ ਸਬੰਧਿਤ ਹੈ। ਚੋਣ ਬਾਂਡ ਤੋਂ ਲੈ ਕੇ ਸਾਰਾ ਤਾਮ ਝਾਮ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਦੀ ਕਵਾਇਦ ਹੈ। ਇਹੋ ਕਾਰਨ ਹੈ ਕਿ ਜੰਗਲ ਦੀ ਰਾਖੀ ਕਰਨ ਵਾਲਿਆਂ ਨੂੰ ਮਾਓਵਾਦੀ ਤੇ ਜ਼ਮੀਨ ਦੀ ਰਾਖੀ ਕਰਨ ਵਾਲਿਆਂ ਨੂੰ ਅਰਬਨ ਨਕਸਲ ਕਹਿ ਕੇ ਭੰਡਿਆ ਜਾਣਾ ਆਮ ਗੱਲ ਹੈ। ਇੱਥੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਉਸ ਬਿਆਨ ਨੂੰ ਚੇਤੇ ਕਰਨਾ ਯੋਗ ਹੋਵੇਗਾ ਕਿ 'ਮਾਓਵਾਦੀ' ਭਾਰਤ ਦੀ ਅੰਦਰੂਨੀ ਸੁਰੱਖਿਆ ਲਈ ਘੋਰ ਖਤਰਾ ਹਨ, ਇਸੇ ਕਰਕੇ ਹੀ ਬਹੁਕੌਮੀ ਕੰਪਨੀਆਂ ਲਈ ਕਾਨੂੰਨਾਂ ਦੀ ਤੋੜ-ਭੰਨ ਕਰਕੇ ਉਨ੍ਹਾਂ ਦੇ ਹੱਕ ਵਿਚ ਕਾਨੂੰਨ ਬਣਾਉਣਾ ਕੋਈ ਨਵੀਂ ਗੱਲ ਨਹੀਂ ਹੈ, ਜਿਸ ਦੀ ਤਾਜ਼ਾ ਉਦਾਹਰਨ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਜੰਗਲਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਨਵਾਂ 'ਗਰੀਨ ਕਰੈਡਿਟਸ' ਕਾਨੂੰਨ ਲਿਆਂਦਾ ਗਿਆ ਹੈ। ਇਸ ਕਾਨੂੰਨ ਤਹਿਤ ਇਹ ਕਿਹਾ ਜਾ ਰਿਹਾ ਹੈ ਕਿ ਕੋਈ ਵੀ ਕੰਪਨੀ ਜਾਂ ਵਿਅਕਤੀ ਜਿੰਨੇ ਵੀ ਰੁੱਖ ਲਾਵੇਗਾ ਉਸ ਨੂੰ ਓਨੇ ਹੀ ਗਰੀਨ ਕਰੈਡਿਟਸ ਜੰਗਲ ਹਾਸਿਲ ਕਰਨ ਲਈ ਬਹੁਕੌਮੀ ਕੰਪਨੀਆਂ ਲਈ ਸਹਾਈ ਹੋਣਗੇ। ਕੋਈ ਕੰਪਨੀ ਦੇਸ਼ ਵਿਚ ਲੱਖਾਂ ਰੁੱਖ ਲਾਉਣ ਦਾ ਦਾਅਵਾ ਕਰਕੇ ਆਸਾਨੀ ਨਾਲ ਜੰਗਲ ਹਾਸਿਲ ਕਰ ਸਕੇਗੀ। ਵੱਡੇ ਵੱਡੇ ਜੰਗਲ ਬਹੁਕੌਮੀ ਕੰਪਨੀਆਂ ਦੀ ਮਲਕੀਅਤ ਵਿਚ ਤਬਦੀਲ ਹੋ ਜਾਣਗੇ।

ਇਸ ਕਾਨੂੰਨ ਦੇ ਮਾੜੇ ਪ੍ਰਭਾਵਾਂ ਬਾਰੇ ਕਿਤੇ ਵੀ ਗੌਲਿਆ ਨਹੀਂ ਗਿਆ। ਜੰਗਲ ਬਾਰੇ ਪਹਿਲੇ ਕਾਨੂੰਨ, ਜਿਹੜੇ ਜੰਗਲ ਦੀ ਸੁਰੱਖਿਆ ਦੀ ਗਾਰੰਟੀ ਬਣਦੇ ਸਨ, ਨੂੰ ਦਰਕਿਨਾਰ ਕਰਕੇ ਨਵਾਂ ਕਾਨੂੰਨ ਪਾਸ ਕੀਤਾ ਗਿਆ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਜੰਗਲ, ਜਿਹੜੇ ਵਾਤਾਵਰਨ ਮੌਸਮ ਤੇ ਮਨੁੱਖਤਾ ਪੱਖੀ ਹਨ, ਬਰਬਾਦ ਕਰ ਦਿੱਤੇ ਜਾਣਗੇ। ਇਹੋ ਕਾਰਨ ਹੈ ਕਿ ਦੇਸ਼ ਦੇ ਵੱਡੇ ਅਫਸਰਾਂ ਨੇ ਰਾਸ਼ਟਰਪਤੀ ਨੂੰ ਇਸ ਕਾਨੂੰਨ ਨੂੰ ਦਰਖਾਸਤ ਦੇ ਕੇ ਵਾਪਸ ਲੈਣ ਦੀ ਮੰਗ ਕੀਤੀ ਹੈ। ਇਸ ਚਿੱਠੀ ਰਾਹੀਂ ਇਸ ਕਾਨੂੰਨ ਦੇ ਮਾੜੇ ਪ੍ਰਭਾਵਾਂ ਬਾਰੇ ਸਰਕਾਰ ਨੂੰ ਚੇਤਾਵਨੀ ਵੀ ਦਿੱਤੀ ਗਈ ਹੈ ਕਿਉਂਕਿ ਉਹ ਜਾਣਦੇ ਹਨ ਕਿ ਗਰੀਨ ਕਰੈਡਿਟਸ ਕਾਨੂੰਨ ਵੱਲੋ ਸਮਾਜਿਕ ਵਾਤਾਵਰਨ ਨਹੀ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਜਾਣਗੀਆਂ ਤੇ ਇਹ ਕਾਨੂੰਨ ਈਕੋ ਕਰਜ਼ੇ (ਵਾਤਾਵਰਣ ਕਰਜ਼ੇ) ਵਿਚ ਬਦਲ ਜਾਵੇਗਾ।

ਕੋਲੰਬੀਆ ਦੀ ਰਾਜਧਾਨੀ ਬਗੋਟਾ ਵਿਚ ਲੈਂਡ ਗਰੈਬਿੰਗ (ਭੂਮੀ ਦੱਬਣ) ਦੇ ਵਿਰੋਧ ਵਿਚ 19 ਮਾਰਚ ਤੋਂ 21 ਮਾਰਚ ਤੱਕ ਅੰਤਰਰਾਸ਼ਟਰੀ ਕਾਨਫਰੰਸ ਹੋਈ ਹੈ, ਜਿਸ ਵਿਚ ਦੁਨੀਆਂ ਭਰ ਤੋਂ 500 ਤੋਂ ਵੱਧ ਵਿਦਵਾਨਾਂ, ਬੁੱਧੀਜੀਵੀ ਕਾਰਕੁਨਾਂ ਆਦਿ ਵੱਲੋਂ ਜ਼ਮੀਨਾਂ ਉੱਤੇ ਬਹੁਰਾਸ਼ਟਰੀ ਕੰਪਨੀਆਂ ਦੇ ਹੱਲੇ ਵਿਰੁੱਧ ਅੰਤਰਰਾਸ਼ਟਰੀ ਇੱਕਜੁਟਤਾ ਉਸਾਰਨ ਦਾ ਸੱਦਾ ਦਿੱਤਾ ਗਿਆ ਹੈ। ਇਨ੍ਹਾਂ ਵਿਦਵਾਨਾਂ ਵੱਲੋਂ ਜ਼ਮੀਨਾਂ ਦੇ ਕੇਂਦਰੀਕਰਨ ਵਿਰੁੱਧ ਲੋਕਾਂ ਨੂੰ ਸੁਚੇਤ ਕੀਤਾ ਗਿਆ ਹੈ ਤੇ ਇਸ ਕੇਂਦਰੀਕਰਨ ਵਿਰੁੱਧ ਜੱਦੋਜਹਿਦ ਕਰਨ ਦਾ ਸੱਦਾ ਦਿੱਤਾ ਗਿਆ ਹੈ। ਬਗੋਟਾ ਪਹਿਲਾਂ ਹੀ ਜ਼ਮੀਨੀ ਸੰਘਰਸ਼ ਦਾ ਕੇਂਦਰ ਬਣਿਆ ਹੋਇਆ ਹੈ, ਇਸ ਲਈ ਹੀ ਇਹ ਕਾਨਫਰੰਸ ਇੱਥੇ ਰੱਖੀ ਗਈ।

ਭਾਰਤ ਤੋਂ ਪਹਿਲਾਂ ਸਕਾਟਲੈਂਡ ਵਿਚ ਵੀ ਗਰੀਨ ਕੈਪੀਟਲ ਦੇ ਨਾਂ ਹੇਠ ਹਜ਼ਾਰਾਂ ਲੱਖਾਂ ਏਕੜ ਜੰਗਲ ਤੇ ਜ਼ਮੀਨਾਂ ਕਾਰਪੋਰੇਟ ਵੱਲੋਂ ਹਥਿਆਈਆਂ ਜਾ ਚੁੱਕੀਆਂ ਹਨ। 'ਗਰੀਬ ਦਾ ਕੋਈ ਵਕੀਲ ਨਹੀਂ ਹੁੰਦਾ' (The poor had no Lawyer) ਨਾਂ ਦੀ ਕਿਤਾਬ ਵਿਚ ਲੇਖਕ ਐਰੀ ਵਾਈ ਮੈਲ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਸਿਰਫ 483 ਲੋਕਾਂ ਤੇ ਕੰਪਨੀਆਂ ਕੋਲ ਸਕਾਟਲੈਂਡ ਦੀ ਅੱਧੇ ਤੋਂ ਵੱਧ ਵਾਹੀਯੋਗ ਜ਼ਮੀਨ ਦੀ ਮਾਲਕੀ ਹੈ ਤੇ ਜ਼ਮੀਨ ਦੀ ਲੁੱਟ ਦਾ ਮਾਮਲਾ ਇੱਥੇ ਹੀ ਰੁਕ ਨਹੀਂ ਰਿਹਾ ਸਗੋਂ ਬੇਰੋਕ ਅੱਗੇ ਵਧਦਾ ਜਾ ਰਿਹਾ ਹੈ, ਸਿਰਫ ਇਕ ਉਦਾਹਰਨ ਰੀਅਲ ਐਸਟੇਟ ਕੰਪਨੀ ਦੇ ਮਾਲਕ ਐਡਰਸ ਪਾਵਲਸਿਨ ਕੋਲ 88,296 ਹੈਕਟੇਅਰ ਜ਼ਮੀਨ ਦੀ ਮਾਲਕੀ ਹੈ।

ਇਸੇ ਤਰ੍ਹਾਂ ਦੀ ਅਮਰੀਕਾ ਵਿਚ ਜ਼ਮੀਨਾਂ ਦੇ ਕੇਂਦਰੀਕਰਨ ਵਿਰੁੱਧ ਬਿੱਲ ਪਾਸ ਕੀਤਾ ਗਿਆ, ਭਾਵੇਂ ਇਸ ਬਿੱਲ ਨਾਲ ਜ਼ਮੀਨਾਂ ਦੇ ਕੇਂਦਰੀਕਰਨ ਨੂੰ ਬਹੁਤਾ ਫਰਕ ਨਹੀਂ ਪੈਣ ਵਾਲਾ ਕਿਉਂਕਿ ਅਮਰੀਕਾ ਵਿਚ ਪਹਿਲਾਂ ਹੀ ਵਾਹੀਯੋਗ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਵੱਲੋਂ ਹਥਿਆਈਆਂ ਜਾਂ ਚੁੱਕੀਆਂ ਹਨ ਪ੍ਰੰਤੂ ਇਹ ਕਾਨੂੰਨ ਇਹ ਨਿਸ਼ਾਨਦੇਹੀ ਜ਼ਰੂਰ ਕਰਦਾ ਹੈ ਕਿ ਕਿੰਨੇ ਵੱਡੇ ਪੱਧਰ ਤੇ ਕਿਸਾਨੀ ਨੂੰ ਉਜਾੜਿਆ ਗਿਆ ਹੈ ਤੇ ਇਸ ਉਜਾੜੇ ਉੱਤੇ ਕਿਤੇ ਨਾ ਕਿਤੇ ਰੋਕ ਲੱਗਣੀ ਚਾਹੀਦੀ ਹੈ।

ਅੱਜ ਦੁਨੀਆਂ ਭਰ ਵਿਚ ਖੇਤੀ ਜਿਣਸਾਂ ਕਾਰਪੋਰੇਟ ਘਰਾਣਿਆਂ ਵੱਲੋਂ ਮੁਨਾਫਾ ਕਮਾਉਣ ਦਾ ਵਧੀਆ ਸਾਧਨ ਬਣ ਚੁੱਕਾ ਹੈ ਅਤੇ ਗਿਣ-ਮਿੱਥ ਕੇ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮੌਜੂਦਾ ਨੌਜਵਾਨ ਪੀੜ੍ਹੀ ਖੇਤੀ ਕਰਨਾ ਨਹੀਂ ਚਾਹੁੰਦੀ ਤੇ ਪਿਛਲੀ ਵਡੇਰੀ ਪੀੜ੍ਹੀ ਖੇਤੀ ਚੋਂ ਬਾਹਰ ਆਉਣ ਲਈ ਜੱਦੋਜਹਿਦ ਕਰ ਰਹੀ ਹੈ। ਅੱਜ ਜ਼ਮੀਨ ਦੇ ਸਵਾਲ ਨੂੰ ਸੰਬੋਧਿਤ ਹੋਏ ਬਿਨਾ ਨਾ ਤਾ ਖੇਤੀ ਸੰਕਟ ਦਾ ਹੱਲ ਕੱਢਿਆ ਜਾ ਸਕਦਾ ਹੈ ਤੇ ਨਾ ਹੀ ਸਮਾਜਿਕ ਤਬਦੀਲੀ ਸੰਭਵ ਹੈ।

ਇਸੇ ਲਈ 30 ਮਾਰਚ ਅੰਤਰਰਾਸ਼ਟਰੀ ਜ਼ਮੀਨ ਦਿਵਸ 'ਤੇ ਸਮੁੱਚੇ ਜ਼ਮੀਨੀ ਮਸਲੇ ਚਰਚਾ ਅਧੀਨ ਲਿਆਉਣ ਦੀ ਲੋੜ ਹੈ। ਇਹ ਦਿਨ ਫਲਸਤੀਨ ਦੇ ਲੋਕਾਂ ਵੱਲੋਂ ਆਪਣੀ ਜ਼ਮੀਨ ਦੀ ਰਾਖੀ ਕਰਨ ਵਜੋਂ ਯਾਦ ਕੀਤਾ ਜਾਂਦਾ ਹੈ ਤੇ ਅੱਜ ਦੁਨੀਆਂ ਭਰ ਵਿਚ ਆਪਣੀ ਜ਼ਮੀਨ ਦੀ ਰਾਖੀ ਲਈ ਸੰਘਰਸ਼ ਦਾ ਚਾਨਣ ਮੁਨਾਰਾ ਤੇ ਲੋਕਾਂ ਲਈ ਪ੍ਰੇਰਨਾਸ੍ਰੋਤ ਬਣਿਆ ਹੋਇਆ ਹੈ। ਇਸ ਸਮੇਂ ਲੋਕ ਵਿਰੋਧੀ ਨੀਤੀਆਂ ਅਤੇ ਵਿਕਾਸ ਦੇ ਨਾਅਰੇ ਹੇਠ ਸਾਮਰਾਜ ਵੱਲੋਂ ਜ਼ਮੀਨਾਂ ਜੰਗਲਾਂ ਤੇ ਜੋ ਹੱਲਾ ਬੋਲਿਆ ਗਿਆ ਹੈ, ਇਸ ਸਾਮਰਾਜੀ ਹੱਲੇ ਵਿਰੁੱਧ ਮਿਹਨਤਕਸ਼ ਲੋਕਾਂ ਨੂੰ ਇੱਕਜੁੱਟ ਹੋ ਕੇ ਜ਼ਮੀਨ ਦੀ ਸਹੀ ਤੇ ਨਿਆਂਪੂਰਣ ਵੰਡ ਨੂੰ ਲੈ ਕੇ 'ਜ਼ਮੀਨ ਨਹੀਂ ਤਾਂ ਜੀਵਨ ਨਹੀਂ' ਦਾ ਨਾਅਰਾ ਪਿੰਡ ਪਿੰਡ ਘਰ ਘਰ ਲੈ ਜਾਣ ਦੀ ਲੋੜ ਹੈ।

# ਪਾਣੀ ਦੀ ਬੱਚਤ ਕਰਨ ਨਾਲ ਵੀ ਆਉਂਦੀ ਹੈ ਖੁਸ਼ਹਾਲੀ



ਸੰਯੁਕਤ ਰਾਸ਼ਟਰ ਹੀ ਦੀ ਰਿਪੋਰਟ ਤੋਂ ਜ਼ਾਹਿਰ ਹੋਇਆ ਹੈ ਕਿ ਦੁਨੀਆਂ ਦੀ 26 ਫੀਸਦੀ ਆਬਾਦੀ ਭਾਵ 2 ਅਰਬ ਲੋਕਾਂ ਕੋਲ ਅਜੇ ਵੀ ਪੀਣ ਦਾ ਸਾਫ ਪਾਣੀ ਨਹੀਂ ਹੈ। ਰਿਪੋਰਟ ਦਾ ਮੰਨਣਾ ਹੈ ਕਿ ਗਲੋਬਲ ਵਾਰਮਿੰਗ ਦੀ ਸਮੱਸਿਆ ਹੋਰ ਭਿਆਨਕ ਹੋਣ ਵਾਲੀ ਹੈ। ਇਸ ਨਾਲ ਪਾਣੀ ਦਾ ਸੰਕਟ ਉਨ੍ਹਾਂ ਇਲਾਕਿਆਂ 'ਚ ਵੀ ਵਧੇਗਾ ਜਿੱਥੇ ਫਿਲਹਾਲ ਪਾਣੀ ਦੀ ਕਿੱਲਤ ਨਹੀਂ ਹੈ। ਸ਼ੱਕ ਪ੍ਰਗਟਾਇਆ ਗਿਆ ਹੈ ਕਿ ਸਾਲ 2050 'ਚ ਦੁਨੀਆਂ ਦੀ 2.40 ਅਰਬ ਸ਼ਹਿਰੀ ਆਬਾਦੀ ਪਾਣੀ ਦੇ ਸੰਕਟ ਨਾਲ ਜੂਝ ਸਕਦੀ ਹੈ। ਇਸ ਨਾਲ ਸਭ ਤੋਂ ਜ਼ਿਆਦਾ ਭਾਰਤ ਦੇ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ।

ਤੈਅ ਹੈ ਕਿ ਕੋਈ ਦੇਸ਼ ਕਿੰਨਾ ਖੁਸ਼ਹਾਲ ਹੈ, ਲੋਕ ਕਿੰਨੇ ਖੁਸ਼ ਹਨ, ਇਹ ਕਾਫੀ ਹੱਦ ਤੱਕ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਕੋਲ ਕਿੰਨਾ ਪਾਣੀ ਹੈ। ਜਿਨ੍ਹਾਂ ਦੇਸ਼ਾਂ 'ਚ ਲੋਕਾਂ ਦੀਆਂ ਲੋੜੀਂਦਾ ਪਾਣੀ ਨਹੀਂ ਹੁੰਦਾ ਜਾਂ ਉਹ ਮੁਹੱਈਆ ਪਾਣੀ ਦੀ ਸਹੀ ਵਰਤੋਂ ਨਹੀਂ ਕਰ ਪਾਉਂਦੇ, ਉਹ ਦੇਰ-ਸਵੇਰ ਪੱਛੜ ਜਾਂਦੇ ਹਨ। ਲੋਕਾਂ ਨੂੰ ਪੀਣ ਲਈ ਅਤੇ ਸਾਫ-ਸਫਾਈ ਲਈ ਪਾਣੀ ਚਾਹੀਦਾ ਹੈ। ਖੇਤੀ ਅਤੇ ਉਦਯੋਗ ਧੰਦੇ ਪਾਣੀ ਤੋਂ ਬਿਨਾਂ ਨਹੀਂ ਚੱਲ ਸਕਦੇ। ਕਿਸੇ ਵੀ ਰਾਸ਼ਟਰ ਦੇ ਜਨਜੀਵਨ ਅਤੇ ਜੀਵਨ ਪੱਧਰ ਦਾ ਆਧਾਰ ਪਾਣੀ ਹੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਚੰਗੇ, ਆਧੁਨਿਕ ਰਹਿਣ-ਸਹਿਣ ਲਈ ਪ੍ਰਤੀ ਵਿਅਕਤੀ ਪ੍ਰਤੀ ਸਾਲ 1000 ਕਿਊਬਿਕ ਮੀਟਰ ਪਾਣੀ ਦੀ ਲੋੜ ਹੈ ਤਾਂ ਹੀ ਲੋਕ ਸਿਹਤਮੰਦ ਰਹਿਣਗੇ, ਖੇਤ ਭਰੇ ਰਹਿਣਗੇ ਅਤੇ ਕਾਰਖਾਨੇ ਚੱਲਦੇ ਰਹਿਣਗੇ। ਕਈ ਦੇਸ਼ਾਂ 'ਚ ਇਸ ਸਮੇਂ ਮੌਜੂਦਾ ਆਬਾਦੀ ਲਈ ਇੰਨਾ ਪਾਣੀ ਤਾਂ ਹੈ ਪਰ ਵਧਦੀ ਆਬਾਦੀ ਕਾਰਨ ਪ੍ਰਤੀ ਵਿਅਕਤੀ ਪਾਣੀ ਘੱਟ ਹੁੰਦਾ ਜਾ ਰਿਹਾ ਹੈ। ਅਗਲੇ 30 ਸਾਲਾਂ 'ਚ ਇਨ੍ਹਾਂ ਦੇਸ਼ਾਂ ਨੂੰ ਜਲ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਦੇਸ਼ਾ ਨੂੰ ਭਾਰਤ, ਮਿਸਰ, ਈਰਾਨ ਅਤੇ ਪੇਰੂ ਵੀ ਸ਼ਾਮਲ ਹਨ। ਅਫਰੀਕਾ ਦੇ ਕੁਝ ਦੇਸ਼ ਕਈ ਸਾਲ ਤੋਂ ਭੁੱਖਮਰੀ ਦਾ ਸ਼ਿਕਾਰ ਹਨ। ਇਸ ਦਾ ਇਕ ਵੱਡਾ ਕਾਰਨ ਹੈ ਪਾਣੀ। ਭਾਰਤ ਦੇ ਵਧੇਰੇ ਹਿੱਸਿਆਂ 'ਚ ਲੋੜੀਂਦਾ ਪਾਣੀ ਤਾਂ ਹੈ ਪਰ ਦੋਸ਼ਪੂਰਨ ਵੰਡ ਅਤੇ ਤਰੁੱਟੀਪੂਰਨ ਮੈਨੇਜਮੈਂਟ ਕਾਰਨ ਕਰੋੜਾਂ ਲੋਕਾਂ ਨੂੰ ਲੋੜੀਂਦਾ ਪਾਣੀ ਨਹੀਂ ਮਿਲਦਾ। ਇਕ ਅਨੁਮਾਨ ਮੁਤਾਬਕ ਦੇਸ਼ ਦੇ ਡੇਢ ਲੱਖ ਪਿੰਡਾਂ 'ਚ ਪਾਣੀ ਮੁਹੱਈਆ ਨਹੀਂ ਹੈ। ਭਾਰਤ ਵਾਂਗ ਚੀਨ ਦੇ ਕਈ ਹਿੱਸਿਆਂ 'ਚ ਵੀ ਪਾਣੀ ਦੀ ਕਮੀ ਹੈ। ਇਨ੍ਹਾਂ ਤੋਂ ਇਲਾਵਾ ਹੋਰ ਕਈ ਦੇਸ਼ ਵੀ ਪਾਣੀ ਲਈ ਇੰਦਰ ਦੇਵਤਾ 'ਤੇ ਨਿਰਭਰ ਹਨ ਲੋੜੀਂਦਾ ਮੀਂਹ ਨਾ ਪੈਣ ਕਾਰਨ ਜਨਜੀਵਨ ਅਤੇ ਅਰਥਵਿਵਸਥਾ 'ਤੇ ਬੁਰਾ ਪ੍ਰਭਾਵ ਪੈਂਦਾ ਹੈ।

ਗਰਮੀਆਂ ਸ਼ੁਰੂ ਹੋ ਗਈਆਂ ਹਨ। ਟੂਟੀਆਂ ਸੁੱਕ ਰਹੀਆਂ ਹਨ। ਹਰ ਨਾਗਰਿਕ ਨੂੰ ਲੋੜੀਂਦਾ ਪਾਣੀ ਮਿਲਣਾ ਚਾਹੀਦਾ ਹੈ। ਪਾਣੀ ਦੀ ਹਰ ਬੂੰਦ ਕੀਮਤੀ ਹੈ। ਪਾਣੀ ਦੀ ਇਕ-ਇਕ ਬੂੰਦ ਤਾਂ ਹੀ ਬਚੇਗੀ ਜਦੋਂ ਪਾਣੀ ਨੂੰ ਸਾਵਧਾਨੀ ਨਾਲ ਵਰਤਾਂਗੇ। ਅਸੀਂ ਸਾਰੇ ਇਸ 'ਚ ਸਹਿਯੋਗ ਕਰ ਸਕਦੇ ਹਾਂ। ਬੱਚਤ ਕਿਵੇਂ ਹੋ ਸਕਦੀ ਹੈ ? ਕੁਝ ਮਾਮੂਲੀ ਗੱਲਾਂ 'ਤੇ ਗੌਰ ਅਤੇ ਅਮਲ ਕਰਨ ਨਾਲ ਮੁਮਕਿਨ ਹੈ। ਦੰਦ ਸਾਫ ਕਰਨ 'ਚ ਪਾਣੀ ਦੀ ਵੱਧ ਵਰਤੋਂ ਹੁੰਦੀ ਹੈ। ਇਸ ਦੌਰਾਨ ਜੇਕਰ ਟੂਟੀ ਨੂੰ 5 ਮਿੰਟ ਵੀ ਖੁੱਲ੍ਹਾ ਰੱਖੀਏ ਤਾਂ ਲਗਭਗ 40 ਲਿਟਰ ਪਾਣੀ ਇੰਝ ਹੀ ਵਹਿ ਜਾਂਦਾ ਹੈ। ਮੱਗ 'ਚ ਪਾਣੀ ਭਰ ਕੇ ਬਰੱਸ਼ ਕਰਨ ਨਾਲ ਸਿਰਫ ਇਕ-ਅੱਧਾ ਲਿਟਰ ਪਾਣੀ ਖਰਚ ਹੁੰਦਾ ਹੈ ਭਾਵ ਇੰਝ ਪਰੇ ਸਾਢੇ 30 ਲਿਟਰ ਪਾਣੀ ਦੀ ਬੱਚਤ ਹੁੰਦੀ ਹੈ।

ਆਮ ਤੌਰ 'ਤੇ ਹੱਥ ਧੋਣ ਲਈ ਟੂਟੀ ਇਕ-ਡੇਢ ਮਿੰਟ ਖੁੱਲ੍ਹਦੀ ਹੈ। ਇਸ ਦੌਰਾਨ 10-12 ਲਿਟਰ ਪਾਣੀ ਵਹਿ ਜਾਂਦਾ ਹੈ। ਇੱਥੇ ਵੀ ਮੱਗ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜ਼ਰਾ ਜਿਹੀ ਸਾਵਧਾਨੀ ਨਾਲ 9-10 ਲਿਟਰ ਪਾਣੀ ਦੀ ਬੱਚਤ ਹੋ ਸਕਦੀ ਹੈ। ਹਾਲਾਂਕਿ ਮਰਦਾਂ 'ਚ ਹਲਕੀ ਦਾੜ੍ਹੀ ਦਾ ਫੈਸ਼ਨ ਹੈ ਪਰ ਫਿਰ ਵੀ ਵਧੇਰੇ ਮਰਦ ਰੋਜ਼ਾਨਾ ਸ਼ੇਵ ਕਰਦੇ ਹਨ। ਸ਼ੇਵ ਕਰਦੇ ਸਮੇਂ ਟੂਟੀ ਖੁੱਲ੍ਹੀ ਨਾ ਰੱਖੋ। ਮੱਗ ਭਰ ਕੇ ਸ਼ੇਵ ਕਰਨ ਦੀ ਆਦਤ ਪਾਓ। ਇਸ ਤਰ੍ਹਾਂ ਪਾਣੀ ਦੀ ਕਾਫੀ ਬੱਚਤ ਹੋ ਸਕਦੀ ਹੈ।

ਗਰਮੀਆਂ 'ਚ ਬਾਥਰੂਮ 'ਚ ਫੁਹਾਰੇ ਹੇਠਾਂ ਨਹਾਉਣ ਦਾ ਮਜ਼ਾ ਹੀ ਨਿਰਾਲਾ ਹੈ ਪਰ ਜ਼ਰਾ ਰੁਕੋ। ਸਰੀਰ 'ਤੇ ਸਾਬਣ ਲਗਾਉਂਦੇ ਸਮੇਂ ਫੁਹਾਰੇ ਨੂੰ ਲਗਾਤਾਰ ਚਲਾਈ ਰੱਖਣ ਨਾਲ ਪਾਣੀ ਬਰਬਾਦ ਹੁੰਦਾ ਹੈ। ਫੁਹਾਰੇ ਹੇਠਾਂ ਨਹਾਉਣ ਨਾਲ 90 ਲਿਟਰ ਪਾਣੀ ਵਹਿ ਜਾਂਦਾ ਹੈ। ਜੇਕਰ ਪਹਿਲਾਂ ਇਕ ਵਾਰ ਨਹਾਉਣ ਤੋਂ ਬਾਅਦ ਫੁਹਾਰਾ ਬੰਦ ਕਰ ਦਿੱਤਾ ਜਾਵੇ ਅਤੇ ਸਾਬਣ ਲਗਾਉਣ ਤੋਂ ਬਾਅਦ ਮੁੜ ਖੋਲ੍ਹਿਆ ਜਾਵੇ ਤਾਂ ਪਾਣੀ ਬਚ ਸਕਦਾ ਹੈ। ਇਸ ਤਰ੍ਹਾਂ ਫੁਹਾਰੇ ਹੇਠਾਂ ਨਹਾਉਣ ਦਾ ਮਜ਼ਾ ਵੀ ਲਿਆ ਜਾ ਸਕਦਾ ਹੈ ਅਤੇ ਸੂਝਬੂਝ ਵਰਤਣ ਨਾਲ ਸਿਰਫ 20 ਲਿਟਰ ਪਾਣੀ ਇਸਤੇਮਾਲ ਹੁੰਦਾ ਹੈ। ਲਗਭਗ 70 ਲਿਟਰ ਪਾਣੀ ਦੀ ਬੱਚਤ ਮਾਮੂਲੀ ਨਹੀਂ ਹੈ। ਫੁਹਾਰੇ ਦੀ ਬਜਾਏ ਬਾਲਟੀ ਭਰ ਕੇ ਨਹਾਉਣਾ ਫਾਇਦੇਮੰਦ ਰਹਿੰਦਾ ਹੈ ਅਤੇ ਹਾਂ, ਖੁੱਲ੍ਹੇ ਪਾਣੀ ਦੀ ਬਜਾਏ ਬਾਲਟੀ ਰਾਹੀਂ ਹੀ ਕਾਰ, ਸਕੂਟਰ ਆਦਿ ਨੂੰ ਧੋਣ ਨਾਲ ਫਾਇਦਾ ਰਹਿੰਦਾ ਹੈ। ਇਸ ਤਰ੍ਹਾਂ ਜੇਕਰ ਕੱਪੜੇ ਧੋਈਏ ਤਾਂ ਟੂਟੀ ਦੇ ਹੇਠਾਂ ਨਾ ਧੋਵੋ। ਬਾਲਟੀ 'ਚ ਪਾ ਕੇ ਧੋਣ ਨਾਲ ਪਾਣੀ ਦੀ ਬੱਚਤ ਹੋਵੇਗੀ।

ਪਾਲਕ, ਮੇਥੀ ਵਰਗੀ ਸਬਜ਼ੀਆਂ ਨੂੰ ਧੋਂਦੇ ਸਮੇਂ ਨਾ ਸਿਰਫ ਸਮਾਂ ਲੱਗਦਾ ਹੈ ਸਗੋਂ ਪੂਰੀ ਤਰ੍ਹਾਂ ਮਿੱਟੀ ਅਤੇ ਧੂੜ ਕੱਢਣ ਲਈ ਕਾਫੀ ਖੁੱਲ੍ਹਾ ਪਾਣੀ ਚਾਹੀਦਾ ਹੈ। ਜੇਕਰ ਕੱਟਣ ਤੋਂ ਪਹਿਲਾਂ ਇਨ੍ਹਾਂ ਦੀ ਸਾਬਤ ਗੱਠੀ ਨੂੰ ਪਾਣੀ ਨਾਲ ਧੋ ਲਿਆ ਜਾਵੇ ਤਾਂ ਨਾ ਸਿਰਫ ਪਾਣੀ ਦੀ ਬੱਚਤ ਹੋਵੇਗੀ ਸਗੋਂ ਆਸਾਨੀ ਨਾਲ ਸਾਫ ਵੀ ਹੋ ਜਾਵੇਗਾ। ਹੋਰ ਤਾਂ ਹੋਰ ਘਰ ਜਾਂ ਬਾਹਰ, ਜਿੱਥੇ ਕਿੱਤੇ ਵੀ ਬਿਨਾਂ ਕਾਰਨ ਟੂਟੀ ਚੱਲਦੀ ਦੇਖੋ, ਉਸ ਨੂੰ ਫੌਰਨ ਬੰਦ ਕਰ ਦਿਓ। ਘਰ ਦੇ ਬਾਹਰ ਜਾਂਦੇ ਸਮੇਂ ਜਾਂ ਰਾਤ ਨੂੰ ਸੌਣ ਤੋਂ ਪਹਿਲਾਂ ਚੈੱਕ ਕਰ ਲਓ ਕਿ ਸਾਰੀਆਂ ਟੂਟੀਆਂ ਬੰਦ ਹਨ।

**ਅਮਿਤਾਭ**

# ਬਲਾਕ ਕਾਹਨੂੰਵਾਨ ਦੇ ਪਿੰਡ ਨਾਨੋਵਾਲ ਜੀਂਦੜ ਦੇ ਕਿਸਾਨ ਅੰਮ੍ਰਿਤਪਾਲ ਸਿੰਘ ਪਿਛਲੇ 8 ਸਾਲਾਂ ਤੋਂ ਫਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾ ਕੇ ਸਹਾਇਕ ਧੰਦਿਆਂ 'ਚ ਪੁਰਾਣੇ ਟਰੈਡੀਸ਼ਨਲ ਕਣ ਵਾਲੇ ਗੁੜ-ਸ਼ੱਕਰ ਦੀ ਪ੍ਰੋਸੈਸਿੰਗ ਕਰਨ ਨਾਲ ਚਲਾਉਂਦੇ ਪਟਵਾਰੀ ਜੈਗਰੀ ਪਲਾਂਟ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।**

ਉਹਨਾਂ ਕਿਹਾ ਕਿ ਮੈਂ ਵੀ ਸੋਚਿਆ ਕਿ ਜੇਕਰ ਕਿਸੇ ਨੂੰ ਚੰਗੀ ਸਿਹਤ ਲਈ ਚੰਗੀ ਕੁਆਲਿਟੀ ਖਵਾਉਣੀ ਹੀ ਹੈ, ਤਾਂ ਰੇਟ ਘੱਟ ਹੁੰਦਾ ਹੈ ਤਾਂ ਕੋਈ ਗੱਲ ਨਹੀਂ। ਕਿਉਂਕਿ ਸਾਡੇ ਲੋਕ ਮਹਿੰਗੀ ਚੀਜ਼ ਨੂੰ ਤਵੱਜੋ ਵੀ ਨਹੀਂ ਦਿੰਦੇ, ਬੇਸ਼ੱਕ ਉੱਚ ਕੁਆਲਿਟੀ ਹੀ ਕਿਉਂ ਨਾ ਹੋਵੇ। ਅੱਜ ਸਾਡਾ ਗੁੜ ਸਾਡੇ ਆਪਣੇ ਸਾਰੇ ਪਿੰਡ ਦੇ ਨਾਲ ਬਲਾਕ ਦੇ ਪਿੰਡਾਂ ਦੇ ਲੋਕਾਂ ਦੁਆਰਾ ਵਿਦੇਸ਼ਾਂ 'ਚ ਰਹਿੰਦੇ ਰਿਸ਼ਤੇਦਾਰਾਂ ਨੂੰ ਆਸਟ੍ਰੇਲੀਆ ਅਮਰੀਕਾਂ ਦੇ ਨਾਲ ਕਾਦੀਆਂ, ਬਟਾਲੇ ਦੇ ਆੜਤੀਏ, ਖਰੀਦਿਆ ਜਾਂਦਾ ਤੇ ਬਹੁਤ ਸਾਰੇ ਲੋਕ ਸਾਡੇ ਨਾਲ ਫੋਨ ਤੇ ਅਫਵਾਂਸ ਰਾਬਤਾ ਬਣਾ ਕੇ ਆਰਡਰ ਤੇ ਚੱਲਦੇ ਹਨ। ਫਿਰ ਵੀ ਬਹੁਤ ਭਰਾ ਰਹਿ ਜਾਂਦੇ ਹਨ ਜੋ ਅਗਾਂਹ ਲੰਮੇ ਸਮੇਂ ਲਈ ਘਰਾਂ 'ਚ ਰੱਖਣਾ ਚਾਹੁੰਦੇ ਹਨ। ਅਸੀਂ ਕੇਵਲ ਤੇ ਕੇਵਲ ਲੋਕਾਂ ਦਾ ਸਵਾਦ ਸਮਝਿਆ ਜੋ ਕਹਿੰਦੇ ਸਨ ਕਿ ਸਾਨੂੰ ਪੁਰਾਣੇ ਸਮਿਆਂ ਦਾ ਕਣ ਵਾਲਾ ਗੁੜ ਚਾਹੀਦਾ। ਉਨ੍ਹਾਂ ਕਿਹਾ ਮੈਂ ਗੰਨੇ ਦੀ ਫਸਲ 'ਚ ਕੀਟਨਾਸ਼ਕਾਂ ਦੀ ਵਰਤੋਂ ਨਾਂਮਾਤਰ ਕਰਦੇ ਹਾਂ। ਉਹ ਵੀ ਅਗੇਤੇ ਸਮੇਂ ਪਾਉਂਦੇ ਹਾਂ, ਜਦੋਂ ਨੁਕਸਾਨ ਵੱਧਦਾ ਹੈ। ਅਸੀਂ ਪਾਣੀ ਵੀ ਫਸਲ ਨੂੰ ਘੱਟ ਲਗਾਉਂਦੇ ਹਾਂ, ਤਾਂ ਜੋ ਮਿਠਾਸ ਵਧੇ ਤੇ ਗੰਨਾ ਡਿੱਗੇ ਨਾ ਤੇ ਕੁਆਲਿਟੀ ਖਰਾਬ ਨਾ ਹੋਵੇ, ਸਮੇਂ ਨਾਲ ਬੰਨਦੇ। ਇਸ ਦੇ ਨਾਲ ਕੁਦਰਤੀ ਜੀਵਾਣੂੰ ਕਲਚਰ ਨੂੰ ਫਸਲ ਤੇ ਤਰਜ਼ੀਹ ਦਿੰਦੇ ਹਾਂ ਜਿਵੇਂ ਕਿ ਐਜੋਟੋਬੈਕਟਰ, ਪੋਟਾਸ਼ੀਅਮ ਤੇ ਜ਼ਿੰਕ ਮੋਬੋਲਾਇਜ਼ਿੰਗ ਬੈਕਟੀਰੀਆ, ਫਾਸਫੇਟ ਸੋਲੂਬਲਾਇਜ਼ ਬੈਕਟੀਰੀਆ, ਉੱਲੀ ਲਈ ਸੰਜੀਵਨੀ / ਟਰਾਕੋਡਰਮਾ, ਸੂਡੋਮੀਨਾਸ ਵਰਤਦੇ। ਇਸ ਨਾਲ 1 ਏਕੜ ਲਈ ਚਾਰ ਟਰਾਲੀਆਂ ਦੇਸੀ ਰੂੜੀ ਹਰ ਤਿੰਨ ਸਾਲਾਂ ਬਾਅਦ ਵਰਤਦੇ ਹਾਂ ਤਾਂ ਜੋ ਮਿੱਟੀ 'ਚ ਘਟੇ ਜੀਵਾਣੂਆਂ ਦੀ ਸੰਖਿਆ ਪੂਰੀ ਹੋ ਸਕੇ। ਉਹਨਾਂ ਲਗਾਤਾਰ ਯੂਨੀਵਰਸਿਟੀ ਤੋਂ ਮਿੱਟੀ ਟੈਸਟ ਕਰਵਾ ਕੇ ਮਿੱਟੀ ਦੇ ਪੈਮਾਨੇ ਮਾਪਦੰਡ ਵੀ ਦੇਸੀ ਰੂੜੀ ਤੇ ਜੀਵਾਣੂ ਕਲਚਰ ਨਾਲ ਪੂਰੇ ਕੀਤੇ ਹੋਏ ਹਨ। ਬੀਜਾਂ ਬਾਰੇ ਉਹਨਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਕਾਹਨੂੰਵਾਨ ਤੋਂ ਬੀਜ ਖਾਦ ਤੇ ਹੋਰ ਸਲਾਹ ਸੁਝਾਅ ਤੇ ਵਿਜ਼ਿਟ ਲਈ ਵਿਭਾਗ ਨਾਲ ਤਾਲਮੇਲ ਬਰਕਰਾਰ ਰੱਖਿਆ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

**ਉੱਦਮ ਤੇ ਉਪਰਾਲੇ** : ਉਹਨਾਂ ਕਿਹਾ ਕਿ ਅਸੀਂ ਪਲਾਂਟ 1 ਦਸੰਬਰ ਨੂੰ ਚਲਾਉਂਦੇ ਹਾਂ ਤੇ 15 ਮਾਰਚ ਨੂੰ ਬੰਦ ਕਰਦੇ ਹਾਂ। ਉਨ੍ਹਾਂ ਦੱਸਿਆ ਮੈਂ 6-7 ਸਾਲ ਕੇਵਲ ਕੁਆਲਿਟੀ ਸੁਧਾਰਨ ਨੂੰ ਲਗਾਏ। ਅੱਜ ਪਿੰਡ ਦੇ 6 ਪਰਿਵਾਰਾਂ ਨੂੰ ਰੋਜ਼ਗਾਰ ਦਿੱਤਾ, ਜਿਸ ਨੂੰ ਹਫਤਾਵਾਰੀ ਪੈਸੇ ਦਿੰਦੇ ਹਾਂ। ਇਹ ਕਹਿ ਲਵੋ ਕਿ ਮੇਰੇ ਬੰਦੇ ਵੀ ਮੇਰੀ ਸਮਝ ਤੇ ਚੱਲ ਕੇ ਕੁਆਲਿਟੀ ਬਣਾ ਰਹੇ ਹਨ। ਫੇਰ ਅੱਧ ਮਾਰਚ ਤੋਂ ਬਾਅਦ ਇਹੀ ਬੰਦੇ ਗੰਨੇ ਦੀ ਫਸਲ ਦੀ ਸਾਂਭ ਸੰਭਾਲ ਵੱਲ ਹੋ ਜਾਂਦੇ ਹਨ। ਬਰਗਾੜੀ ਗੁਣ ਵਾਲਿਆਂ ਨਾਲ ਫੋਨ ਤੇ ਗੱਲ ਕਰਕੇ ਉਹਨਾਂ ਦੇ ਦੱਸੇ ਤੇ ਮੁਜ਼ੱਫਰਨਗਰ ਤੋਂ ਪਲਾਂਟ ਤੇ ਕੜਾਹੇ ਤੇ ਕਰੱਸ਼ਰ ਲਿਆਂਦੇ। ਸਾਡਾ ਪਲਾਂਟ ਪੰਜ ਮਰਲੇ 'ਚ ਹੈ, ਜਿਸਦੀ ਬਿਲਡਿੰਗ ਤੇ ਸਮਾਨ ਦੀ ਕੁੱਲ ਲਾਗਤ 7 ਲੱਖ ਰੁਪਏ ਆਈ। ਐਗਰੋਫੋਰੈਸਟਰੀ ਬਾਰੇ ਦੱਸਿਆ ਪਹਿਲਾਂ ਪਾਪੂਲਰ ਜੀ-48 ਲਗਾਇਆ। ਜਿਸ ਨੂੰ ਬੋਰਰ ਨਾਲ ਪ੍ਰਭਾਵਿਤ ਹੋਣ ਤੇ ਇਸ ਵਾਰ ਵਿਮਕੋ-110,109 ਲਗਾਇਆ ਜੋ ਪੰਜਵੇਂ ਸਾਲ ਲੱਕੜ ਮੰਡੀ ਹੁਸ਼ਿਆਰਪੁਰ ਲੈ ਕੇ ਜਾਂਦੇ ਹਾਂ। ਜਿਸ ਚ ਸਰੋਂ ਇੰਟਰਕਰੋਪਿੰਗ ਕੀਤੀ। ਅੱਜ ਅੰਮ੍ਰਿਤਪਾਲ ਸਿੰਘ ਐਫ ਪੀ ਉਜ ਕਾਹਨੂੰਵਾਨ ਦੇ ਡਾਇਰੈਕਟਰ ਵਜੋਂ ਅਤੇ ਬਲਾਕ ਫਾਰਮਰ ਐਡਵਾਇਜ਼ਰੀ ਕਮੇਟੀ ਅਤੇ ਕਿਸਾਨ ਹੱਟ ਖੇਤੀਬਾੜੀ ਵਿਭਾਗ ਕਾਹਨੂੰਵਾਨ ਦੇ ਮੈਂਬਰ ਵੀ ਹਨ। ਪਿੰਡ ਦੇ ਸਕੂਲ ਦੇ ਵਿਦਿਅਕ ਕਮੇਟੀ ਦੇ ਸਿੱਖਿਆ ਐਕਸਪਰਟ ਵਜੋਂ ਮੈਂਬਰ ਹਨ। ਉਹ 2004 'ਚ ਯੂਥ ਕਲੱਬ ਦੇ ਪ੍ਰਧਾਨ ਰਹੇ, ਜਿਸ ਸਦਕਾ ਪਿੰਡ 'ਚ ਐਸ ਬੀ ਆਈ ਦੇ ਸਹਿਯੋਗ ਨਾਲ ਟ੍ਰੀ ਪਲਾਂਟੇਸ਼ਨ ਕਰਾਈਂ। ਫਸਲੀ ਰਹਿੰਦ ਖੂੰਹਦ ਨੂੰ ਪਲਟਾਵੀ ਹੱਲ ਨਾਲ ਮਿੱਟੀ ਹੇਠ ਦਬਾਉਣ ਨਾਲ ਤੇ ਤਵੀਆਂ ਸਦਕਾ ਵਾਹ ਕੇ ਆਮ ਜ਼ੀਰੋ ਟਿੱਲ ਡਰਿੱਲ ਨਾਲ ਫਸਲ ਦੀ ਬਿਜਾਈ ਕਰਦੇ ਹਨ। ਨਦੀਨਨਾਸ਼ਕਾਂ ਦੀ ਵਰਤੋਂ ਘਟਾਉਣ ਲਈ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਹਰੇਕ ਸਾਲ ਦਰ ਸਾਲ ਫਸਲੀ ਚੱਕਰ ਅਪਣਾਉਣ, ਜਿਸ ਨਾਲ ਫਸਲ ਦੇ ਨਦੀਨਾਂ ਦੀ ਰੋਕਥਾਮ ਆਪਣੇ ਆਪ ਹੋ ਜਾਂਦੀ ਹੈ। ਗੰਨੇ ਵਾਲੀ ਥਾਂ ਕੋਈ ਹੋਰ ਫਸਲਾਂ ਦੀ ਅਦਲਾ ਬਦਲੀ ਕਰਦੇ ਰਹਿਣ।



**ਮੰਡੀਕਰਨ** : ਅੰਮ੍ਰਿਤਪਾਲ ਸਿੰਘ ਨੇ ਕਿਹਾ ਮੈਂ ਅੱਜ ਕਿਸੇ ਵੀ ਤਰ੍ਹਾਂ ਦਾ ਸ਼ੋਸ਼ਲ ਮੀਡੀਆ ਪਲੇਟਫਾਰਮ ਗੁੜ ਵੇਚਣ ਲਈ ਨਹੀਂ ਵਰਤਿਆ ਤੇ ਨਾ ਹੀ ਫੇਰੀਆਂ ਲਗਾਉਣ ਵਾਲੇ ਜਾਂ ਦੁਕਾਨਦਾਰਾਂ ਨੂੰ ਦਿੱਤਾ। ਸ਼ੁਰੂਆਤ ਵਿਚ ਨਵੇਂ ਹੋਣ ਕਰਕੇ ਜ਼ਰੂਰ ਸੀ। ਅੱਜ ਸਾਡਾ ਗੁੜ ਅੰਮ੍ਰਿਤ ਗੁੜ ਸ਼ੱਕਰ ਦੇ ਬ੍ਰਾਂਡ ਹੇਠ ਸਾਡੇ ਪਿੰਡ 'ਚ ਸਥਿਤ ਸਾਡੇ ਪਲਾਂਟ ਤੋਂ ਹੀ ਆਰਾਮ ਨਾਲ ਵਿਕ ਜਾਂਦਾ ਹੈ, ਉਲਟਾ ਏਥੋਂ ਤੱਕ ਕਿ ਬਹੁਤਿਆਂ ਦੀਆਂ ਗੁੜ ਜ਼ਿਆਦਾ ਲੈਣ ਦੀ ਡਿਮਾਂਡਾਂ ਵੀ ਸਾਡੇ ਕੋਲੋਂ ਪੂਰੀਆਂ ਨਹੀਂ ਹੁੰਦੀਆਂ, ਵਧੇਰੇ ਰਹਿ ਜਾਂਦੀਆਂ ਹਨ। ਅਸੀਂ ਕੇਵਲ ਪੇਸੀ ਵਾਲਾ ਗੁੜ ਤੇ ਸ਼ੱਕਰ ਹੀ ਬਣਾਉਂਦੇ ਹਾਂ।

**ਸੰਦੇਸ਼** : ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਮੈਂ ਕਦੇ ਵੀ ਪੈਸੇ ਪਿੱਛੇ ਨਹੀਂ ਭੱਜਦਾ ਹਾਂ, ਪੈਸਾ ਇਨਸਾਨ ਦੀ ਜ਼ਰੂਰਤ ਜ਼ਰੂਰ ਹੈ। ਅਸੀਂ ਹਮੇਸ਼ਾਂ ਉੱਚ ਕੁਆਲਿਟੀ ਨੂੰ ਤਰਜ਼ੀਹ ਦਿੱਤੀ ਹੈ। ਜਿਸ ਦੇ ਸਵਾਦ ਤੇ ਸੁਗੰਧ ਵਜੋਂ ਦੇਖਦਿਆਂ ਲੋਕ ਪਰੰਪਰਾਗਤ ਵਾਲੇ ਗੁੜ ਨੂੰ ਖਰੀਦਣ ਦੀ ਆਪ ਖੁਦ ਪਹਿਲ ਦਿੰਦੇ ਨੇ। ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਬਲਾਕ ਪੱਧਰੀ ਸਬਜ਼ੀਆਂ ਦੀ ਮੰਡੀ ਜ਼ਰੂਰ ਚਲਾਉਣ ਤਾਂ ਜੋ ਅਸੂ ਦੇ ਗੰਨੇ ਦੀ ਫਸਲ 'ਚ ਸਬਜ਼ੀਆਂ ਦੀ ਇੰਟਰਕਰੋਪਿੰਗ ਕਰਕੇ ਸਬਜ਼ੀਆਂ ਤੋਂ ਵੀ ਆਮਦਨ ਲੈ ਸਕਦੇ ਹਾਂ। ਉਹਨਾਂ ਕਿਹਾ ਕਿ ਸਰਕਾਰ ਨੂੰ ਬਾਸਮਤੀ ਦੀ ਸਰਕਾਰੀ ਖਰੀਦ ਕਰਨੀ ਚਾਹੀਦੀ ਹੈ ਤਾਂ ਜੋ ਲੋਕਾਂ ਦਾ ਰੁਝਾਨ ਝੋਨੇ ਦੀ ਬਜਾਏ ਬਾਸਮਤੀ ਵੱਲ ਹੋਵੇ, ਬੱਸ ਰੇਟ ਜੋ ਕਿ ਝੋਨੇ ਤੋਂ ਥੋੜ੍ਹਾ ਉੱਪਰ ਰੱਖਣ ਦੀ ਲੋੜ ਹੈ, ਜੋ ਪਾਣੀ ਬਚਾਉਣ ਦੇ ਨਾਲ, ਪੈਸੇ ਵੀ ਕਿਸਾਨ ਨੂੰ ਝੋਨੇ ਤੋਂ ਉੱਪਰ ਬੱਚ ਸਕਣ। ਮੁੱਖ ਫਸਲਾਂ ਚ ਸੀਜ਼ਨਲ ਆਮਦਨ ਦੀ ਬਜਾਏ ਸਹਾਇਕ ਧੰਦਿਆਂ ਵਿਚ ਰੋਜ਼ਾਨਾ ਨਕਦ ਆਮਦਨ ਜ਼ਰੂਰ ਆਉਂਦੀ ਹੈ ਜੋ ਰੋਜ਼ਮਰਾ ਘਰੇਲੂ ਖਰਚ ਚਲਾਉਣ ਲਈ ਕਾਰਗਰ ਸਿੱਧ ਹੁੰਦੇ ਹਨ। ਏਸ ਕਿੱਤੇ ਪ੍ਰਤੀ ਜਾਣਕਾਰੀ ਲੈਣ ਲਈ ਕਿਸਾਨ ਵੀਰ ਨੇ ਆਪਣਾ ਨੰਬਰ 98142-59191 ਵੀ ਸਾਂਝਾ ਕੀਤਾ। ਕਿਸਾਨ ਸਟੋਰੀ ਪ੍ਰਤੀ ਆਪ ਦਾ ਕੋਈ ਜ਼ਰੂਰੀ ਸੁਝਾਅ ਹੋਵੇ ਤਾਂ ਵਿਭਾਗ ਦੇ ਨੰਬਰ ਤੇ ਸੰਪਰਕ ਕਰੋ।

ਬਾਕੀ ਸਫਾ 12 ਦੀ

## ਗੰਨੇ ਦੀ ਫ਼ਸਲ ਤੋਂ ਵਧੇਰੇ ਮੁਨਾਫਾ ਲੈਣ ਲਈ ਕੀੜੇ-ਮਕੌੜੇ ਅਤੇ ਰੋਗ ਰਹਿਤ ਗੰਨੇ ਦਾ ਉਤਪਾਦਨ

ਇੱਕ ਸਾਲ ਫਸਲੀ ਚੱਕਰ ਅਪਣਾਉ।

★ ਰੋਗੀ ਫਸਲ ਅਗੇਤੀ ਪੀੜ ਲਓ। ਖੇਤ ਛੇਤੀ ਤੋਂ ਛੇਤੀ ਵਾਹ ਕੇ ਮੁੱਢ ਸਾੜ ਦਿਓ।

★ ਰੋਗੀ ਗੰਨਿਆਂ ਵਾਲਾ ਸਾਰਾ ਬੂਝਾ ਮੁੱਢੋਂ ਪੁੱਟ ਕੇ ਦੱਬ ਜਾਂ ਸਾੜ ਦਿਓ।

★ ਰੋਗ ਵਾਲੀ ਫਸਲ ਦਾ ਮੋਢਾ ਨਾ ਰੱਖੋ।

**ਮੁਰਝਾਉਣਾ (ਸੋਕਾ)** : ਇਹ ਬਿਮਾਰੀ ਜੁਲਾਈ ਤੋਂ ਫਸਲ ਪੱਕਣ ਤੱਕ ਰਹਿੰਦੀ ਹੈ। ਬਿਮਾਰੀ ਵਾਲੇ ਗੰਨੇ ਦੇ ਪੱਤੇ ਪਹਿਲਾਂ ਪੀਲੇ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਉੱਤੋਂ ਸੁੱਕ ਜਾਂਦੇ ਹਨ। ਗੰਨੇ ਦੇ ਗੁੱਦੇ ਦਾ ਰੰਗ ਅੰਦਰੋਂ ਭੱਦਾ ਲਾਲ ਹੋ ਜਾਂਦਾ ਹੈ। ਇਸ ਵਿੱਚ ਗੁੱਦੇ ਦਾ ਰੰਗ ਗੰਢ ਦੇ ਨੇੜਿਓਂ ਗੂੜਾ ਹੁੰਦਾ ਹੈ ਅਤੇ ਵਿਚਕਾਰੋਂ ਘੱਟ। ਬਿਮਾਰੀ ਵਾਲਾ ਗੰਨਾ ਵਿਚਕਾਰੋਂ ਖਾਲੀ ਪੈ ਜਾਂਦਾ ਹੈ ਅਤੇ ਹੌਲਾ ਹੋ ਜਾਂਦਾ ਹੈ।

ਇਸ ਰੋਗ ਦੀ ਰੋਕਥਾਮ ਲਈ ਰੱਤਾ ਰੋਗ ਵਾਲੇ ਉਪਾਅ ਹੀ ਕਰੋ। ਇਸ ਬਿਮਾਰੀ ਨੂੰ ਫੈਲਾਉਣ ਵਾਲੀ ਉੱਲੀ ਬਹੁਤ ਦੇਰ ਤੱਕ ਖੇਤ ਵਿੱਚ ਉੱਵੇਂ ਹੀ ਪਈ ਰਹਿੰਦੀ ਹੈ। ਇਸ ਕਰਕੇ ਅਜਿਹੇ ਖੇਤਾਂ ਵਿੱਚ ਤਿੰਨ ਸਾਲਾਂ ਲਈ ਗੰਨਾ ਨਹੀਂ ਬੀਜਣਾ ਚਾਹੀਦਾ ਹੈ।

**ਕਾਂਗਿਆਰੀ** : ਇਹ ਬਿਮਾਰੀ ਸਾਰਾ ਸਾਲ ਹੀ ਰਹਿੰਦੀ ਹੈ, ਪਰ ਇਸ ਦਾ ਹਮਲਾ ਮਈ ਤੋਂ ਜੁਲਾਈ ਅਤੇ ਫਿਰ ਅਕਤੂਬਰ-ਨਵੰਬਰ ਦੇ ਦਰਮਿਆਨ ਵਧੇਰੇ



ਹੁੰਦਾ ਹੈ। ਮੋਢੇ ਦੀ ਫਸਲ ਵਿੱਚ ਇਹ ਬਿਮਾਰੀ ਜ਼ਿਆਦਾ ਹੁੰਦੀ ਹੈ। ਬਿਮਾਰੀ ਵਾਲੇ ਗੰਨਿਆਂ ਦੀ ਮੁੱਖ ਸ਼ਾਖ ਛਾਗੇਂ ਵਰਗੀ ਬਣ ਜਾਂਦੀ ਹੈ, ਜਿਸ ਉੱਪਰ ਕਾਲਾ ਧੂੜੇਦਾਰ ਮਾਦਾ ਲੱਗਾ ਹੁੰਦਾ ਹੈ। ਅਜਿਹੀਆਂ ਛਾਂਟੇ ਵਰਗੀਆਂ ਸ਼ਾਖਾਂ ਗੰਨੇ ਦੇ ਆਗ ਵਿੱਚੋਂ ਜਾਂ ਬਾਅਦ ਵਿੱਚ ਫੁੱਟਣ ਵਾਲੀਆਂ ਸ਼ਾਖਾਂ ਉੱਪਰ ਹੋ ਸਕਦੀਆਂ ਹਨ।

**ਰੋਕਥਾਮ** :

★ ਨਰੋਆ ਬੀਜ ਵਰਤੋ। ਬਿਮਾਰੀ ਲੱਗੇ ਗੰਨਿਆਂ ਦੇ ਨੇੜੇ ਦੇ ਗੰਨੇ ਦੀ ਬੀਜ ਲਈ ਨਾ ਵਰਤੋ।

★ ਕਾਂਗਿਆਰੀ ਵਾਲੀਆਂ ਸ਼ਾਖਾਂ ਹੌਲੇ ਜਿਹੇ ਖਿੱਚ ਕੇ ਮੋਟੇ ਕੱਪੜੇ ਦੇ ਝੋਨੇ ਵਿੱਚ ਪਾ ਕੇ ਕੱਟ ਲਓ। ਫਿਰ ਸਾਰਾ ਬੂਟਾ ਮੁੱਢੋਂ ਪੁੱਟ ਕੇ ਸਾੜ ਦਿਓ ਜਾਂ ਮਿੱਟੀ ਵਿੱਚ ਡੂੰਘਾ ਦਬਾ ਦਿਓ।

★ ਇਸ ਬਿਮਾਰੀ ਵਾਲੀ ਫਸਲ ਦੀ ਮੁੱਢੀ ਨਾ ਰੱਖੋ।

★ ਬੀਜ ਨੂੰ ਰੋਗ ਰਹਿਤ ਕਰਨ ਲਈ ਗੁੱਲੀਆਂ 0.25% ਐਮੀਸਨ (250 ਗ੍ਰਾਮ) ਜਾਂ 0.25 ਪ੍ਰਤੀਸ਼ਤ ਟਿਲਟ 25 ਤਾਕਤ (250 ਮਿਲੀਲਿਟਰ) ਦੇ 100 ਲਿਟਰ ਪਾਣੀ ਦੇ ਘੋਲ ਵਿੱਚ ਡੋਬ ਕੇ ਸੋਧ ਲਵੋ।

**ਪੋਖਾ ਬੋਇੰਗ (Top Rot)** : ਇਹ ਉੱਲੀ ਰੋਗ ਵਰਖਾ ਰੁੱਤੇ ਜੁਲਾਈ ਤੋਂ ਸਤੰਬਰ ਵਿੱਚ ਹੁੰਦਾ ਹੈ। ਆਗ ਦੇ ਨਿੱਕੇ ਅਤੇ ਨਵੇਂ ਪੱਤਿਆਂ ਦਾ ਹੇਠਾਂ ਤੋਂ ਰੰਗ ਪੀਲਾ ਹੋ ਜਾਂਦਾ ਹੈ ਅਤੇ ਇਹ ਛੋਟੇ ਰਹਿ ਜਾਂਦੇ ਹਨ ਜੋ ਕਿ ਬਾਅਦ ਵਿੱਚ ਗੂੜ੍ਹੇ ਲਾਲ ਰੰਗ ਦੇ ਹੋ ਜਾਂਦੇ ਹਨ ਅਤੇ ਹੌਲੀ ਹੌਲੀ ਝੜ ਜਾਂਦੇ ਹਨ। ਰੋਗ ਦੀ ਗੰਭੀਰ ਹਾਲਤ ਵਿੱਚ ਗੰਨੇ ਦਾ ਉੱਪਰਲਾ ਸਿਰਾ ਵੀ ਗਲ ਜਾਂਦਾ ਹੈ।

**ਰੋਕਥਾਮ** : ★ ਅਜਿਹੇ ਬੂਟੇ ਪੁੱਟ ਕੇ ਦੱਬ ਜਾਂ ਸਾੜ ਦਿਓ।


**ਘਾਹ ਵਰਗੀਆਂ ਸ਼ਾਖਾਂ ਦਾ ਰੋਗ (Grassy Shoot Disease)** : ਇਹ ਰੋਗ ਮਾਈਕੋਪਲਾਸਮਾ ਕਰਕੇ ਹੁੰਦਾ ਹੈ। ਰੋਗੀ ਬੂਟਿਆਂ ਵਿੱਚੋਂ ਬਹੁਤ ਸਾਰੀਆਂ ਬਰੀਕ ਸ਼ਾਖਾਂ ਫੁੱਟਦੀਆਂ ਹਨ। ਪੱਤੇ ਛੋਟੇ, ਪਤਲੇ ਅਤੇ ਘੱਟ ਚੌੜੇ ਰਹਿ ਜਾਂਦੇ ਅਤੇ ਇਨ੍ਹਾਂ ਦਾ ਰੰਗ ਚਿੱਟਾ ਹੋ ਜਾਂਦਾ ਹੈ। ਜੇਕਰ ਇਸ ਰੋਗ ਦਾ ਹਮਲਾ ਘੱਟ ਹੋਵੇ ਤਾਂ ਇੱਕ ਦੋ ਮਾੜੇ ਜਿਹੇ ਗੰਨੇ ਵੀ ਬਣ ਜਾਂਦੇ ਹਨ।

**ਰੋਕਥਾਮ** ★ ਨਰੋਆ ਬੀਜ ਵਰਤੋ। ਬਿਮਾਰੀ ਲੱਗੇ ਗੰਨਿਆਂ ਦੇ ਨੇੜੇ ਦੇ ਗੰਨੇ ਵੀ ਬੀਜ ਲਈ ਨਾ ਵਰਤੋ।

★ ਬੀਜ ਵਾਲੇ ਗੰਨਿਆਂ ਨੂੰ ਸਿੱਲ੍ਹੀ ਗਰਮ ਹਵਾ ਦੇ ਯੰਤਰ ਵਿੱਚ 4 ਘੰਟੇ ਲਈ 54 ਡਿਗਰੀ ਸੈਂਟੀਗ੍ਰੇਡ ਤਾਪਮਾਨ ਰੱਖ ਕੇ ਸੋਧਣਾ ਚਾਹੀਦਾ ਹੈ।

★ ਇਸ ਬਿਮਾਰੀ ਦੇ ਹੋਣ ਦਾ ਡਰ ਮੂਢੀ ਫਸਲ ਵਿੱਚ ਵਧੇਰੇ ਹੁੰਦਾ ਹੈ। ਇਸ ਲਈ ਬਿਮਾਰੀ ਵਾਲੀ ਫਸਲ ਦਾ ਮੂਢਾ ਨਾ ਰੱਖੋ।







# ਵਧੇਰੇ ਆਮਦਨ ਲਈ ਸਹਾਇਕ ਧੰਦੇ ਅਤੇ ਪ੍ਰੋਸੈਸਿੰਗ ਤਕਨੀਕਾਂ ਅਪਣਾਓ

ਸਤਿਬੀਰ ਸਿੰਘ ਗੋਸਲ,
ਵਾਈਸ ਚਾਂਸਲਰ

ਵਿਸ਼ਵੀਕਰਨ, ਕੰਪਿਊਟਰ ਤਕਨੀਕਾਂ ਦਾ ਤੇਜ਼ ਪਸਾਰ ਅਤੇ ਨਤੀਜੇ ਵੱਸ ਆਸਾਨ ਹੋਇਆ ਵਿੱਤੀ ਲੈਣ-ਦੇਣ ਅਤੇ ਆਰਥਿਕਤਾ ਦੇ ਕਈ ਵਰਗਾਂ ਵਿਚ ਵਧ ਰਹੀ ਆਮਦਨ ਨੇ ਸਾਡੇ ਜੀਵਨ ਪੱਧਰ ਨੂੰ ਉਤਾਂਹ ਚੁੱਕ ਦਿੱਤਾ ਹੈ, ਪਰ ਇਸ ਦੇ ਨਾਲ ਹੀ ਸਾਡੇ ਖਰਚੇ ਵੀ ਵਧ ਗਏ ਹਨ। ਸਮਾਜਿਕ ਦਬਾਅ ਅਤੇ ਰੀਸ ਨੇ ਲੋਕਾਂ 'ਤੇ ਕਾਫੀ ਵਿੱਤੀ ਬੋਝ ਪਾ ਦਿੱਤਾ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਅਜਿਹੀ ਚੁਣੌਤੀ ਦਾ ਹੱਲ ਸਿਰਫ ਦੋ ਤਰੀਕਿਆਂ ਨਾਲ ਹੀ ਹੋ ਸਕਦਾ ਹੈ : ਪਹਿਲਾ ਬੇਲੋੜਾ ਖਰਚਾ ਘਟਾ ਕੇ ਅਤੇ ਦੂਜਾ ਆਮਦਨ ਵਧਾ ਕੇ। ਯੂਨੀਵਰਸਿਟੀ ਵਲੋਂ ਪਿਛਲੇ ਮੇਲਿਆਂ ਅਤੇ ਹੋਰ ਪਸਾਰ ਪ੍ਰੋਗਰਾਮਾਂ ਦੌਰਾਨ ਇਕ ਨਾਅਰਾ 'ਸਾਦੇ ਵਿਆਹ ਸਾਦੇ ਭੋਗ', 'ਨਾ ਕਰਜ਼ਾ ਨਾ ਚਿੰਤਾ ਰੋਗ' ਇਸ ਯੋਜਨਾ ਦੇ ਪਹਿਲੇ ਪੱਖ 'ਤੇ ਕੇਂਦਰਿਤ ਸੀ। ਇਸ ਕਿਸਾਨ ਮੇਲੇ ਦਾ ਨਾਅਰਾ 'ਖੇਤੀ ਨਾਲ ਸਹਾਇਕ ਧੰਦਾ, ਪਰਿਵਾਰ ਸੁਖੀ ਮੁਨਾਫਾ ਚੰਗਾ' ਦੂਜੇ ਪੱਖ ਨੂੰ ਸੰਬੋਧਿਤ ਹੈ। ਪੰਜਾਬ ਰਾਜ ਦੇ ਲਗਭਗ 33 ਪ੍ਰਤੀਸ਼ਤ ਕਿਸਾਨ ਛੋਟੇ ਅਤੇ ਸੀਮਾਂਤ ਹਨ ਅਤੇ 62 ਫੀਸਦੀ ਕਿਸਾਨ ਦਰਮਿਆਨੇ ਹਨ। ਆਰਥਿਕ ਵਿਕਾਸ ਦੇ ਮਕਬੂਲ ਸਿਧਾਂਤਾਂ ਅਨੁਸਾਰ ਕੁਝ ਪੇਂਡੂ ਪਰਿਵਾਰ ਖੇਤੀ ਨੂੰ ਛੱਡ ਕੇ ਸਨਅਤ ਅਤੇ ਸੇਵਾਵਾਂ ਦੇ ਵਧੇਰੇ ਆਮਦਨ ਵਾਲੇ ਪਾਸੇ ਲੱਗ ਗਏ ਹਨ ਅਤੇ ਕਾਫੀ ਪਰਿਵਾਰ ਵਿਦੇਸ਼ਾਂ ਵਿਚ ਵੀ ਜਾ ਵਸੇ ਹਨ। ਨਤੇਜੇ ਵਜੋਂ ਬਹੁਤ ਸਾਰੀਆਂ ਜੋਤਾਂ ਠੇਕੇ 'ਤੇ ਦਿੱਤੀਆਂ ਜਾਣ ਲੱਗੀਆਂ ਹਨ। ਬਹੁਤ ਸਾਰੇ ਛੋਟੇ/ਸੀਮਾਂਤ ਕਿਸਾਨ ਜਾਂ ਬੇ-ਜ਼ਮੀਨੇ ਕਾਸ਼ਤਕਾਰ ਵੱਡੀਆਂ ਜੋਤਾਂ ਜਾਂ ਵਧੇਰੇ ਛੋਟੀਆਂ/ਦਰਮਿਆਨੀਆਂ ਜੋਤਾਂ ਠੇਕੇ 'ਤੇ ਲੈ ਕੇ ਫਾਇਦਾ ਲੈਣ ਵੱਲ ਪ੍ਰੇਰਿਤ ਹਨ। ਅਜਿਹਾ ਕਰਨ ਵੇਲੇ ਜ਼ਮੀਨ ਲੈਂਦੇ ਹਨ। ਇਸ ਮੁਕਾਬਲੇ ਵਿਚ ਕਿਸੇ ਦਾ ਕੋਈ ਫਾਇਦਾ ਨਹੀਂ ਹੁੰਦਾ ਅਤੇ ਝੋਨੇ ਆਧਾਰਿਤ ਫਸਲੀ ਚੱਕਰਾਂ ਕਾਰਨ ਅਤੇ ਠੇਕਾ ਲੰਬੇ ਸਮੇਂ ਤੱਕ ਯਕੀਨੀ ਨਾ ਹੋਣ ਕਾਰਨ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਹੁੰਦਾ ਹੈ। ਭਾਵੇਂ ਕਿ ਅਜਿਹੇ ਕਿਸਾਨ ਘੱਟੋ-ਘੱਟ ਸਮਰਥਨ ਮੁੱਲ 'ਤੇ ਹੋਣ ਵਾਲੇ ਯਕੀਨੀ ਮੰਡੀਕਰਨ ਦੇ ਆਧਾਰ 'ਤੇ ਇਹ ਜੋਖਮ ਲੈਂਦੇ ਹਨ, ਪਰੰਤੂ ਮੌਸਮੀ ਖਲਬਲੀਆਂ ਜਿਵੇਂ ਕਿ ਹੜ੍ਹ, ਤਪਸ਼, ਗੜੇਮਾਰੀ ਆਦਿ ਦੇ ਸਾਹਮਣੇ ਕਈ ਵਾਰ ਲਾਚਾਰ ਹੋਣਾ ਪੈਂਦਾ ਹੈ।

ਜਦੋਂ ਬੈਂਕਾਂ ਜਾਂ ਸੁਸਾਇਟੀਆਂ ਤੋਂ ਲਿਆ ਕਰਜ਼ਾ ਉਪਜਾਊ ਸਾਧਨ ਪ੍ਰਫੁੱਲਿਤ ਕਰਨ ਲਈ ਨਾ ਵਰਤ ਕੇ ਪਰਿਵਾਰਕ



ਕੰਮਾਂ, ਵਿਆਹ, ਸ਼ਾਦੀ, ਵਿਦੇਸ਼ੀ ਪੜ੍ਹਾਈ ਅਤੇ ਕੋਠੀਆਂ ਉਸਾਰਨ ਲਈ ਵਰਤਿਆ ਜਾਂਦਾ ਹੈ ਤਾਂ ਇਕ ਸਧਾਰਨ ਕਿਸਾਨ ਸ਼ਾਹੂਕਾਰਾਂ ਦੇ ਧੱਕੇ ਚੜ੍ਹ ਜਾਂਦਾ ਹੈ। ਸਾਧਾਰਨ ਖੇਤੀ ਵਿਚ ਹੋਣ ਵਾਲੇ ਆਰਥਿਕ ਨੁਕਸਾਨਾਂ ਦੀ ਪੂਰਤੀ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਆਮਦਨ ਦੇ ਨਵੇਂ ਵਸੀਲਿਆਂ ਨੂੰ ਲੱਭਣ ਦੀ ਸਖਤ ਲੋੜ ਹੈ। ਆਮਦਨ ਦੇ ਵਧੇਰੇ ਸਰੋਤ ਕੇਵਲ ਇਕ ਉੱਦਮ ਵਿਚ ਪਏ ਘਾਟੇ ਨੂੰ ਆਪਣੇ ਮੁਨਾਫੇ ਨਾਲ ਪੂਰਾ ਕਰਨ ਵਿਚ ਹੀ ਸਹਾਈ ਨਹੀਂ ਹੁੰਦੇ ਬਲਕਿ ਕਈ ਵਾਰ ਇਕ ਦੂਜੇ ਦਾ ਪੂਰਕ ਹੋ ਕੇ ਮੁਨਾਫਾ ਵਧਾਉਣ ਵਿਚ ਮਦਦਗਾਰ ਸਿੱਧ ਹੁੰਦੇ ਹਨ। ਮੌਸਮ ਅਤੇ ਮੰਡੀ ਨਾਲ ਜੁੜੀ ਅਸਥਿਰਤਾ ਕਾਰਨ ਅਜਿਹੇ ਵਸੀਲੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਵਿੱਤੀ ਸੁਰੱਖਿਅਤਾ ਵਿਚ ਮੁੱਖ ਭੂਮਿਕਾ ਨਿਭਾਉਂਦੇ ਹਨ।

ਡੇਅਰੀ ਫਾਰਮਿੰਗ, ਸ਼ਹਿਦ ਮੱਖੀ ਪਾਲਣ ਅਤੇ ਖੁੰਬਾਂ ਦੀ ਕਾਸ਼ਤ ਵਰਗੇ ਸਹਾਇਕ ਧੰਦੇ ਸਿੱਧੇ/ਅਸਿੱਧੇ ਤੌਰ 'ਤੇ ਰਵਾਇਤੀ ਫਸਲ ਆਧਾਰਿਤ ਖੇਤੀ ਵਿਚ ਸੰਗਠਿਤ ਕੀਤੇ ਜਾ ਸਕਦੇ ਹਨ। ਅਜਿਹਾ ਏਕੀਕਰਨ ਵਾਤਾਵਰਨ ਸੁਰੱਖਿਆ ਵਿਚ ਵੀ ਸਹਾਈ ਹੁੰਦਾ ਹੈ ਅਤੇ ਪਰਿਵਾਰ ਦੀਆਂ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਵੀ ਯੋਗਦਾਨ ਪਾਉਂਦਾ ਹੈ। ਸ਼ਹਿਦ ਦੀਆਂ ਮੱਖੀਆਂ ਪਰਾਗਣ ਨੂੰ ਵੀ ਹੁਲਾਰਾ ਦਿੰਦੀਆਂ ਹਨ। ਸਹਾਇਕ ਧੰਦੇ ਪਰਿਵਾਰ ਦੇ ਮੈਂਬਰਾਂ ਨੂੰ ਕੰਮ ਲਾਉਣ ਵਿਚ ਵੀ ਸਹਾਈ ਹੁੰਦੇ ਹਨ। ਖਾਸਕਰ ਇਸਤਰੀਆਂ ਰੋਜ਼ਾਨਾ ਘਰੇਲੂ ਕੰਮਾਂ-ਕਾਰਾਂ ਦੀ ਨੀਰਸਤਾ ਤੋਂ ਹਟ ਕੇ ਆਪਣੀ ਉੱਦਮੀ ਪ੍ਰਵਿਰਤੀ ਦਾ ਵਿਕਾਸ ਕਰ ਸਕਦੀਆਂ ਹਨ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਸੱਠਵਿਆਂ ਦੇ ਦਹਾਕੇ ਵਿਚ ਯੂਰਪੀ ਸ਼ਹਿਦ ਮੱਖੀ ਨੂੰ ਦੇਸ਼ ਵਿਚ ਲਿਆਂਦਾ ਅਤੇ ਉਪਰੰਤ 1976 ਵਿਚ ਵੱਡੇ ਪੱਧਰ 'ਤੇ ਪੰਜਾਬ ਦੇ ਕਿਸਾਨਾਂ ਨੂੰ ਮੱਖੀਆਂ ਦੇ ਡੱਬੇ ਦੇ ਕੇ ਮਿੱਠੇ ਇਨਕਲਾਬ ਦੀ ਨੀਂਹ ਰੱਖੀ। ਅੰਦਾਜ਼ਨ 17,000 ਟਨ ਸ਼ਹਿਦ ਪੈਦਾ ਕਰਕੇ ਪੰਜਾਬ ਦੇਸ਼ ਦੇ ਤਿੰਨ ਸਰਬਉੱਚ ਰਾਜਾਂ ਵਿਚੋਂ ਇਕ ਹੈ। ਇਸ ਕਿੱਤੇ ਦਾ ਇਕੱਲਾ ਉਤਪਾਦ ਸ਼ਹਿਦ ਨਹੀਂ ਹੈ ਬਲਕਿ ਰਾਇਲ ਜੈਲੀ, ਮੋਮ ਆਦਿ ਹੋਰ ਪਦਾਰਥ ਵੀ ਵੇਚੇ ਜਾਂਦੇ ਹਨ। ਯੂਨੀਵਰਸਿਟੀ ਨੇ ਸ਼ਹਿਦ ਆਧਾਰਿਤ ਤਰ੍ਹਾਂ-ਤਰ੍ਹਾਂ ਦੀਆਂ ਭੋਜਨ ਤਕਨੀਕਾਂ ਵਿਕਸਿਤ ਕੀਤੀਆਂ ਹਨ। ਸ਼ਹਿਦ ਗਰਮ ਕਰਨ ਅਤੇ ਪੁਣਨ ਵਾਲੀ ਮਸ਼ੀਨ ਸਾਧਾਰਨ ਮਲਮਲ ਦੇ ਕੱਪੜੇ ਮੁਕਾਬਲੇ ਬਹੁਤ ਸਮਰੱਥ ਹੈ। ਸ਼ਹਿਦ ਮੱਖੀ ਪਾਲਣ ਦਾ ਧੰਦਾ ਸ਼ੁਰੂ ਕਰਨ ਲਈ ਹੁਣ ਸਹੀ ਸਮਾਂ ਚੱਲ ਰਿਹਾ ਹੈ ਕਿਉਂਕਿ ਲੋੜੀਂਦੀ ਫੁੱਲਾਂ ਅਤੇ ਰਸਭਰਪੂਰ ਵਨਸਪਤੀ ਮੌਜੂਦ ਹੈ ਅਤੇ ਮੌਸਮ ਵੀ ਅਨੁਕੂਲ ਹੈ।

ਖੁੰਬਾਂ ਦੀ ਕਾਸ਼ਤ ਵਿਚ ਵੀ ਪੰਜਾਬ 18500 ਟਨ ਪੈਦਾਵਾਰ ਨਾਲ ਦੇਸ਼ ਦੇ ਪੰਜ ਮੋਹਰੀ ਰਾਜਾਂ ਵਿਚ ਸ਼ਾਮਿਲ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਪੰਜ ਕਿਸਮਾਂ ਦੀਆਂ ਖੁੰਬਾਂ-ਵਾਈਟ ਬਟਨ, ਢੀਂਗਰੀ, ਸ਼ਿਟਾਕੀ, ਮਿਲਕੀ ਅਤੇ ਪਰਾਲੀ ਵਾਲੀਆਂ ਦੀ ਕਾਸ਼ਤ ਤਕਨਾਲੋਜੀ ਵਿਕਸਿਤ ਕਰ ਚੁੱਕੀ ਹੈ। ਇਹ ਧੰਦਾ ਵੀ ਝੋਨੇ ਵੀ ਪਰਾਲੀ ਨੂੰ ਸਹੀ ਤਰੀਕੇ ਨਾਲ ਸੰਭਾਲਣ ਵਿਚ, ਚਾਹੇ ਛੋਟੇ ਪੱਧਰ 'ਤੇ ਕਿਉਂ ਨਾ ਹੋਵੇ, ਮਦਦਗਾਰ ਹੁੰਦਾ ਹੈ। ਯੂਨੀਵਰਸਿਟੀ ਵਲੋਂ ਖੁੰਬਾਂ ਲਈ ਕੰਪੋਸਟ ਬਣਾਉਣ ਲਈ ਪਰਾਲੀ ਤੇ ਤੂੜੀ ਦੀ ਵਰਤੋਂ ਕੀਤੀ ਜਾਂਦੀ ਹੈ। ਖੁੰਬਾਂ ਦੀ ਪ੍ਰੋਸੈਸਿੰਗ ਵਾਸਤੇ ਯੂਨੀਵਰਸਿਟੀ ਨੇ ਖੁੰਬਾਂ ਨੂੰ ਡੱਬਾ-ਬੰਦ ਕਰਨ ਅਤੇ ਵਿਟਾਮਿਨ ਡੀ-2 ਯੁਕਤ ਕਰਨ ਦੀਆਂ ਤਕਨੀਕਾਂ ਵਿਕਸਿਤ ਕੀਤੀਆਂ ਹਨ।

ਮੌਜੂਦਾ ਜਨਤਕ ਸੋਚ ਜੈਵਿਕ ਉਤਪਾਦ ਪੱਖੀ ਹੁੰਦੀ ਜਾ ਰਹੀ ਹੈ ਕਿਉਂਕਿ ਇਨ੍ਹਾਂ ਉਤਪਾਦਾਂ ਨੂੰ ਸੁਰੱਖਿਅਤ ਅਤੇ ਸਿਹਤ ਵਧਾਊ ਮੰਨਿਆ ਜਾਂਦਾ ਹੈ। ਇਸ ਸੋਚ ਨੇ ਜੈਵਿਕ ਉਤਪਾਦਾਂ ਲਈ ਇਕ ਉੱਚ ਮੁਨਾਫੇ ਵਾਲੀ ਮੰਡੀ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ। ਜੈਵਿਕ ਖੇਤੀ ਦੇ ਧੰਦੇ ਨੂੰ ਕਾਮਯਾਬ ਬਣਾਈ ਰੱਖਣ ਲਈ ਬਹੁਤ ਸਾਰੇ ਗੁਣਵੱਤਾ ਮਾਪਦੰਡਾਂ ਦਾ ਪਾਲਣ ਕਰਨਾ ਪੈਂਦਾ ਹੈ। ਜੈਵਿਕ ਖੇਤੀ ਦੇ ਚਾਹਵਾਨ ਕਿਸਾਨਾਂ ਨੂੰ ਇਨ੍ਹਾਂ ਸੰਬੰਧੀ ਮੁਕੰਮਲ ਜਾਣਕਾਰੀ ਲਈ ਅਤੇ ਹੋਰ ਲੋੜੀਂਦੀ ਸਹਾਇਤਾ ਲਈ ਯੂਨੀਵਰਸਿਟੀ ਦੇ ਸਕੂਲ ਆਫ ਆਰਗੈਨਿਕ ਫਾਰਮਿੰਗ ਨਾਲ ਰਾਬਤਾ ਕਾਇਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਖੇਤੀਬਾੜੀ ਦੇ ਕਿਤੇ ਨੂੰ ਇਕ ਵਪਾਰ ਦੀ ਤਰ੍ਹਾਂ ਚਲਾਉਣ ਲਈ ਕਿਸੇ ਵੀ ਕਿਸਾਨ ਨੂੰ ਫਸਲਾਂ ਦੇ ਮੁਢਲੇ ਝਾੜ ਤੋਂ ਲੈ ਕੇ ਅਖੀਰ ਗਾਹਕ ਤੱਕ ਦੀ ਲੜੀ 'ਤੇ ਵੱਧ ਤੋਂ ਵੱਧ ਕਬਜ਼ਾ ਕਰਨਾ ਪਵੇਗਾ, ਭਾਵ ਕਿ ਕਟਾਈ ਉਪਰੰਤ ਪ੍ਰੋਸੈਸਿੰਗ ਦਾ ਕੰਮ ਵੀ ਸਿੱਖਣਾ ਪਵੇਗਾ। ਇਸ ਤਰ੍ਹਾਂ ਦੀ ਵਿਉਂਦ ਨਾਲ ਵਿਚੋਲੇ ਵਪਾਰੀਆਂ ਦਾ ਮੁਨਾਫਾ ਘੱਟ ਤੋਂ ਘੱਟ ਕੀਤਾ ਜਾ ਸਕਦਾ ਹੈ। ਵਿਚੋਲਗਿਰੀ ਕਰਦੇ ਵਪਾਰੀਆਂ ਦਾ ਮੁਨਾਫਾ ਗਾਹਕ ਵਲੋਂ ਦਿੱਤੀ ਜਾਣ ਵਾਲੀ ਕੀਮਤ ਘਟਾਉਣ ਦੇ ਨਾਲ-ਨਾਲ ਕਿਸਾਨ ਦਾ ਆਰਥਿਕ ਲਾਭ ਵੀ ਵਧਾਵੇਗਾ। ਪੰਜਾਬ ਦੇ ਅਨੇਕਾਂ ਅਗਾਂਹਵਧੂ ਕਿਸਾਨ ਜੋ ਇਸ ਸੋਚ ਦੇ ਧਾਰਨੀ ਹਨ ਵਧੀਆ ਕਮਾਈ ਕਰ ਰਹੇ ਹਨ। ਇਸ ਸੰਦਰਭ ਵਿਚ ਐਗਰੋ ਪ੍ਰੋਸੈਸਿੰਗ ਕੰਪਲੈਕਸ ਵੀ ਇਕ ਵਧੀਆ ਮਿਸਾਲ ਹੈ। ਯੂਨੀਵਰਸਿਟੀ ਹੁਣ ਤਕ ਰਾਜ ਵਿਚ 320 ਤੋਂ ਵਧੇਰੇ ਕਿਸਾਨਾਂ ਦੀ ਅਜਿਹੇ ਕੰਪਲੈਕਸ ਬਣਾਉਣ ਵਿਚ ਤਕਨੀਕੀ ਸਹਾਇਤਾ ਕਰ ਚੁੱਕੀ ਹੈ।

**ਡੇਅਰੀ ਫਾਰਮਿੰਗ, ਸ਼ਹਿਦ ਮੱਖੀ ਪਾਲਣ ਅਤੇ ਖੁੰਬਾਂ ਦੀ ਕਾਸ਼ਤ ਵਰਗੇ ਸਹਾਇਕ ਧੰਦੇ ਸਿੱਧੇ/ਅਸਿੱਧੇ ਤੌਰ 'ਤੇ ਰਵਾਇਤੀ ਫਸਲ ਆਧਾਰਿਤ ਖੇਤੀ ਵਿਚ ਸੰਗਠਿਤ ਕੀਤੇ ਜਾ ਸਕਦੇ ਹਨ। ਅਜਿਹਾ ਏਕੀਕਰਨ ਵਾਤਾਵਰਨ ਸੁਰੱਖਿਆ ਵਿਚ ਵੀ ਸਹਾਈ ਹੁੰਦਾ ਹੈ ਅਤੇ ਪਰਿਵਾਰ ਦੀਆਂ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਵੀ ਯੋਗਦਾਨ ਪਾਉਂਦਾ ਹੈ। ਸ਼ਹਿਦ ਦੀਆਂ ਮੱਖੀਆਂ ਪਰਾਗਣ ਨੂੰ ਵੀ ਹੁਲਾਰਾ ਦਿੰਦੀਆਂ ਹਨ। ਸਹਾਇਕ ਧੰਦੇ ਪਰਿਵਾਰ ਦੇ ਮੈਂਬਰਾਂ ਨੂੰ ਕੰਮ ਲਾਉਣ ਵਿਚ ਵੀ ਸਹਾਈ ਹੁੰਦੇ ਹਨ। ਖਾਸਕਰ ਇਸਤਰੀਆਂ ਰੋਜ਼ਾਨਾ ਘਰੇਲੂ ਕੰਮਾਂ-ਕਾਰਾਂ ਦੀ ਨੀਰਸਤਾ ਤੋਂ ਹਟ ਕੇ ਆਪਣੀ ਉੱਦਮੀ ਪ੍ਰਵਿਰਤੀ ਦਾ ਵਿਕਾਸ ਕਰ ਸਕਦੀਆਂ ਹਨ।**

ਅਜਿਹੇ ਕਿੱਤੇ ਕੇਵਲ ਵਿੱਤੀ ਲਾਭ ਹੀ ਪ੍ਰਦਾਨ ਨਹੀਂ ਕਰਦੇ ਬਲਕਿ ਫਸਲੀ ਵਿਭਿੰਨਤਾ ਨੂੰ ਹੁਲਾਰਾ ਦੇ ਕੇ ਕੁਦਰਤੀ ਸਾਧਨਾਂ ਦੀ ਸੁਯੋਗ ਵਰਤੋਂ ਵਧਾਉਣ ਵਿਚ ਵੀ ਸਹਾਈ ਹੁੰਦੇ ਹਨ। ਇਹ ਕੰਪਲੈਕਸ ਗਾਹਕਾਂ ਦੇ ਨਜ਼ਦੀਕ ਹੋਣ ਨਾਲ ਉਤਪਾਦਾਂ ਦੀ ਗੁਣਵੱਤਾ ਵਿਚ ਭਰੋਸਾ ਬਣਿਆ ਰਹਿੰਦਾ ਹੈ ਜੋ ਕਿ ਮੰਡੀਕਰਨ ਨੂੰ ਪਾਏਦਾਰ ਬਣਾਈ ਰੱਖਦਾ ਹੈ। ਪਿਛਲੇ ਕਈ ਸਾਲਾਂ ਤੋਂ ਸਾਡੇ ਬਹੁਤ ਸਾਰੇ ਕਿਸਾਨ ਉੱਦਮੀਆਂ ਨੇ ਰਾਜ ਦੇ ਵੱਖ-ਵੱਖ ਭਾਗਾਂ ਵਿਚ ਪ੍ਰੋਸੈਸਿੰਗ ਦੇ ਖਿੱਤੇ ਸਥਾਪਤ ਕਰ ਦਿੱਤੇ ਹਨ। ਅੰਮ੍ਰਿਤਸਰ ਦਾ ਇਲਾਕਾ ਅਚਾਰ ਮੁਰੱਬਿਆਂ ਲਈ, ਬਠਿੰਡਾ ਇਲਾਕਾ ਸ਼ਹਿਦ ਲਈ, ਫਤਹਿਗੜ੍ਹ ਸਾਹਿਬ ਦਾ ਇਲਾਕਾ ਗੁੜ ਲਈ ਅਤੇ ਹੁਣ ਫਿਰੋਜ਼ਪੁਰ ਮਿਰਚ ਆਧਾਰਿਤ ਉਤਪਾਦਾਂ ਲਈ ਮਸ਼ਹੂਰ ਹੁੰਦਾ ਜਾ ਰਿਹਾ ਹੈ। ਸਟਾਰਟਅੱਪ ਦੀ ਲਹਿਰ ਸਮੁੱਚੇ ਸੰਸਾਰ ਵਿਚ ਫੈਲ ਰਹੀ ਹੈ। ਭਾਰਤ ਸਰਕਾਰ ਦੇ ਉਦਯੋਗ ਸੰਮਵਰਥਨ ਅਤੇ ਅੰਦਰੂਨੀ ਵਪਾਰ ਮੰਤਰਾਲੇ ਵਲੋਂ ਇਸ ਸੰਬੰਧੀ ਕੀਤੇ ਨਿਰੰਤਰ ਯਤਨਾਂ ਕਾਰਨ ਦੇਸ਼ ਵਿਚ ਸਟਾਰਟਅਪ ਦਾ ਦੌਰ ਗਰਮਾ ਗਿਆ ਹੈ। ਖੇਤੀ ਆਧਾਰਿਤ ਸਟਾਰਟਅਪ ਪੰਜਾਬ ਵੱਲ ਖਿੱਚੇ ਜਾ ਰਹੇ ਹਨ। ਸਾਡੀ ਪੜ੍ਹੀ-ਲਿਖੀ ਕਿਸਾਨ ਯੁਵਾ ਪੀੜ੍ਹੀ ਨੂੰ ਇਸ ਵਪਾਰਕ ਮਾਡਲ ਵਿਚ ਹੱਥ ਅਜ਼ਮਾਉਣਾ ਚਾਹੀਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਖੋਜ ਵੀ ਨਵੇਂ ਸਟਾਰਟਅਪ ਵਿਚਾਰ ਉਸਾਰਨ ਵਿਚ ਸਹਾਈ ਹੋ ਸਕਦੀ ਹੈ।

ਪਿਛਲੀ ਸਾਉਣੀ ਦੌਰਾਨ ਸਾਨੂੰ ਬਹੁਤ ਸਾਰੀਆਂ ਮੌਸਮੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਭਾਰੀ ਅਤੇ ਬੇਕਾਬੂ ਹੋਏ ਹੜ੍ਹਾਂ ਨੇ ਸਾਡੀਆਂ ਫਸਲਾਂ ਦਾ ਕਾਫੀ ਨੁਕਸਾਨ ਕੀਤਾ। ਸਾਡੇ ਖੇਤਾਂ ਵਿਚ ਝੋਨਾ ਮੁੱਢਲੇ ਦੌਰ ਵਿਚ ਸੀ। ਦੁਬਾਰਾ ਲੁਆਈ ਲਈ ਖੇਤਾਂ ਵਿਚੋਂ ਪਾਣੀ ਦਾ ਨਿਕਾਸ ਤੇਜ਼ੀ ਨਾਲ ਨਹੀਂ ਹੋ ਰਿਹਾ ਸੀ। ਪਿਛੇਤ ਦੀ ਚੁਣੌਤੀ ਨਾਲ ਨਜਿੱਠਣ ਲਈ ਰਾਜ ਦੀ ਸੰਕਟਕਾਲੀਨ ਨੀਤੀ ਨੂੰ ਸਾਹ ਪ੍ਰਦਾਨ ਕਰਨ ਵਿਚ ਪੀ ਆਰ-126 ਨੇ ਮੁੱਖ ਭੂਮਿਕਾ ਨਿਭਾਈ। ਸਾਡੀ ਕਿਸਾਨ ਵੀਰਾਂ ਨੂੰ ਇਹ ਬੇਨਤੀ ਹੈ ਕਿ ਕੁਦਰਤੀ ਸੋਮਿਆਂ ਦੀ ਸੰਭਾਲ ਦੀ ਰੌਸ਼ਨੀ ਵਿਚ ਅਜਿਹੇ ਉਸਾਰੂ ਰੁਝਾਨਾਂ ਨੂੰ ਜਾਰੀ ਰੱਖਿਆ ਜਾਵੇ। ਝੋਨੇ ਤੋਂ ਇਲਾਵਾ, ਸਾਨੂੰ ਗਰਮੀ/ਬਹਾਰ ਰੁੱਤੇ ਸਾਈਲੇਜ ਦੇ ਮੰਤਵ ਨਾਲ ਉਗਾਈ ਜਾਣ ਵਾਲੀ ਮੱਕੀ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ ਜਾਂ ਫਿਰ ਇਸ ਨੂੰ ਸੂਖਮ ਸਿੰਜਾਈ ਤਰੀਕਿਆਂ ਨਾਲ ਪਾਲਣਾ ਚਾਹੀਦਾ ਹੈ।

ਸਰਕਾਰ ਵਲੋਂ ਵਿੱਤੀ ਉਤਸ਼ਾਹ ਦੇ ਬਾਵਜੂਦ ਵੀ ਝੋਨੇ ਦੀ ਸਿੱਧੀ ਬਿਜਾਈ ਜ਼ਿਆਦਾ ਜ਼ੋਰ ਨਹੀਂ ਫੜ ਸਕੀ। ਲੇਕਿਨ ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਖੇਤਰਾਂ ਵਿਚ ਇਸਨੂੰ ਵੱਡੇ ਪੱਧਰ 'ਤੇ ਅਪਣਾਇਆ ਗਿਆ। ਆਸ ਹੈ ਕਿ ਇਹ ਇਲਾਕੇ ਹੋਰਾਂ ਲਈ ਮਾਰਗ ਦਰਸ਼ਕ ਬਨਣਗੇ। ਬਾਸਮਤੀ ਕਾਸ਼ਤਕਾਰਾਂ ਨੂੰ ਆਮ ਕਰਕੇ ਵਧੀਆ ਭਾਅ ਮਿਲੇ, ਪਰ ਬਾਸਮਤੀ ਦੇ ਰਕਬੇ ਦੀ ਵਿਉਂਤਬੰਦੀ ਕਰਨ ਤੋਂ ਪਹਿਲਾਂ ਇਸਦੀ ਮੰਡੀ ਅਤੇ ਰਕਬੇ ਦਰਮਿਆਨ ਸੰਤੁਲਨ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਸਤੰਬਰ 2023 ਵਿਚ ਲਗਾਏ ਕਿਸਾਨ ਮੇਲਿਆਂ ਤੋਂ ਬਾਅਦ ਯੂਨੀਵਰਸਿਟੀ ਨੇ ਜੋ ਆਪਣੇ ਫਸਲ ਸੁਧਾਰ ਅਤੇ ਉਤਪਾਦਨ ਸੁਰੱਖਿਆ ਤਕਨੀਕਾਂ ਦੇ ਆਧਾਰ ਦਾ ਪਸਾਰਾ ਕੀਤਾ ਹੈ।

ਪਿਆਰੇ ਕਿਸਾਨ ਵੀਰੋ ਅਤੇ ਭੈਣੋਂ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਲਗਾਏ ਜਾਂਦੇ ਕਿਸਾਨ ਮੇਲੇ ਵਿਗਿਆਨੀਆਂ ਅਤੇ ਕਿਸਾਨਾਂ ਨੂੰ ਵੱਡੀ ਪੱਧਰ ਤੇ ਆਹਮੋ-ਸਾਹਮਣੇ ਕਰਨ ਕਾਰਨ ਸੰਸਾਰ ਭਰ ਵਿਚ ਪ੍ਰਸਿੱਧ ਹਨ। ਜੇ ਅਸੀਂ ਆਪ ਸਭ ਵਲੋਂ ਸਾਡੇ ਖੋਜ ਕਾਰਜਾਂ ਨੂੰ ਦਿਤੀ ਜਾਣ ਵਾਲੀ ਸੇਧ ਲਈ ਆਪ ਦਾ ਸ਼ੁਕਰੀਆ ਨਹੀਂ ਅਦਾ ਕਰਦਾ ਤਾਂ ਅਸੀਂ ਅਕ੍ਰਿਤਘਣ ਹੋਵਾਂਗੇ, ਤੁਹਾਡਾ ਸਾਥ ਸਾਡੇ ਲਈ ਬੇਹੱਦ ਜ਼ਰੂਰੀ ਹੈ। ਸਾਡੀ ਬੇਨਤੀ ਹੈ ਕਿ ਵਿਚਾਰਾਂ ਦੇ ਇਸ ਦੁਵੱਲੇ ਆਦਾਨ ਪ੍ਰਦਾਨ ਵਿਚ ਹਮੇਸ਼ਾਂ ਸ਼ਾਮਲ ਰਹਿ ਕੇ ਆਪਾਂ ਇਸ ਸਾਂਝ ਨੂੰ ਦਿਨ-ਬ-ਦਿਨ ਪਕੇਰੇ ਕਰਦੇ ਜਾਈਏ।

# ਗਰਮੀ ਰੁੱਤ ਦੇ ਮੌਸਮੀ ਫਲਾਂ ਨੂੰ ਫਟਣ ਤੋਂ ਬਚਾਅ ਲਈ ਸੁਝਾਅ



ਜ਼ਿਆਦਾ ਗਰਮੀ ਕਰਕੇ ਅੰਬ, ਨਿੰਬੂ, ਅਨਾਰ, ਲੀਚੀ ਅਤੇ ਅਮਰੂਦਾਂ ਦੇ ਫਲ ਫਟ ਜਾਂਦੇ ਹਨ । ਜਿਸ ਕਰਕੇ ਬਾਗਬਾਨ ਅਤੇ ਘਰੇਲੂ ਪੱਧਰ ਤੇ ਕਾਫੀ ਆਰਥਿਕ ਨੁਕਸਾਨ ਹੁੰਦਾ ਹੈ । ਫਟੇ ਹੋਏ ਫਲਾਂ ਕਰਕੇ ਮੰਡੀ ਵਿਚ ਸਹੀ ਮੁੱਲ ਨਹੀਂ ਮਿਲਦਾ । ਕਈ ਵਾਰ ਫਟੇ ਹੋਏ ਫਲਾਂ ਵਿਚ ਕੀੜੇ ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਵੀ ਹੋ ਜਾਂਦਾ ਹੈ ਅਤੇ ਫਲ ਜਲਦੀ ਗਲ੍ਹ ਜਾਂਦੇ ਹਨ । ਜ਼ਿਆਦਾਤਰ ਫਲ ਫਟਣ ਦੀ ਸਮੱਸਿਆ ਗਰਮ ਖੁਸ਼ਕ ਇਲਾਕਿਆਂ ਵਿਚ ਜ਼ਿਆਦਾ ਆਉਂਦੀ ਹੈ ਅਤੇ ਘਰੇਲੂ ਪੱਧਰ ਤੇ ਇਹ ਸਮੱਸਿਆ ਉਸ ਸਮੇਂ ਜ਼ਿਆਦਾ ਮਹਿਸੂਸ ਹੁੰਦੀ ਹੈ ਜਦੋਂ ਫਲਦਾਰ ਬੂਟੇ ਘਰ ਦੀਆਂ ਦੀਵਾਰਾਂ ਦੇ ਨੇੜੇ ਲਗਾਏ ਜਾਂਦੇ ਹਨ । ਇਸ ਲਈ ਫਲਦਾਰ ਬੂਟੇ ਲਗਾਉਣ ਸਮੇਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਂ ਜ਼ਿਲ੍ਹੇ ਦੇ ਕੇ. ਵੀ. ਕੇ. ਵਿਖੇ ਬਾਗਬਾਨੀ ਮਾਹਰਾਂ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ ਕਿਉਂਕਿ ਫਲਦਾਰ ਬੂਟੇ ਪੀ. ਏ. ਯੂ., ਲੁਧਿਆਣਾ ਦੀਆਂ ਸਿਫਾਰਿਸ਼ਾਂ ਅਨੁਸਾਰ ਇਲਾਕੇ ਵਾਈਜ਼ ਲਗਾਏ ਜਾਣੇ ਚਾਹੀਦੇ ਹਨ ।

**ਫਲ ਫਟਣ ਦੇ ਮੁੱਖ ਕਾਰਨ** : ਗਰਮੀਆਂ ਵਿਚ ਫਲ ਫਟਣ ਦੇ ਮੁੱਖ ਕਾਰਨ ਮਈ-ਜੂਨ ਮਹੀਨੇ ਪੈਣ ਵਾਲੀ ਗਰਮੀ ਹੈ ਜਦੋਂ ਤਾਪਮਾਨ 38-42 ਡਿਗਰੀ ਸੈਂਟੀਗਰੇਡ ਤੱਕ ਪਹੁੰਚ ਜਾਂਦਾ ਹੈ । ਇਸ ਸਮੇਂ ਦੌਰਾਨ ਜ਼ਮੀਨ ਅਤੇ ਬੂਟਿਆਂ ਤੋਂ ਪਾਣੀ ਦਾ ਵਾਸ਼ਪੀਕਰਨ ਬਹੁਤ ਹੁੰਦਾ ਹੈ । ਪਾਣੀ ਦੀ ਘਾਟ ਕਰਕੇ ਫਲ ਦਾ ਛਿਲਕਾ ਸਖਤ ਹੋ ਜਾਂਦਾ ਹੈ । ਜਦੋਂ ਅਸੀਂ ਇਕ ਦਮ ਜ਼ਿਆਦਾ ਪਾਣੀ ਦਿੰਦੇ ਹਾਂ ਜਾਂ ਬਾਰਸ਼ ਕਰਕੇ ਪਾਣੀ ਜ਼ਿਆਦਾ ਪੌਦਿਆਂ ਨੂੰ ਆ ਜਾਂਦਾ ਹੈ ਤਾਂ ਉਸ ਸਮੇਂ ਪੌਦਿਆਂ ਦੀਆਂ ਜੜ੍ਹਾਂ ਪਾਣੀ ਜ਼ਿਆਦਾ ਮਾਤਰਾ ਵਿਚ ਆਪਣੇ ਵਿਚ ਸਮਾ ਲੈਂਦੀਆਂ ਹਨ ਜਿਸ ਕਰਕੇ ਫਲ ਵਿਚ ਗੁੱਦਾ ਇਕ ਦਮ ਵਧਣਾ ਸ਼ੁਰੂ ਹੋ ਜਾਂਦਾ ਹੈ ਅਤੇ ਛਿਲਕਾ ਸਖਤ ਹੋਣ ਕਰਕੇ ਫਟ ਜਾਂਦਾ ਹੈ ।

ਫਲ ਫਟਣ ਦਾ ਦੂਜਾ ਮੁੱਖ ਕਾਰਨ ਖੁਰਾਕੀ ਤੱਤਾਂ ਦੀ ਘਾਟ ਹੁੰਦੀ ਹੈ ਜਿਵੇਂ ਕੈਲਸ਼ੀਅਮ, ਪੋਟਾਸ਼ੀਅਮ ਅਤੇ ਬੋਰਾਨ । ਜ਼ਿਆਦਾਤਰ ਖੁਰਾਕੀ ਤੱਤਾਂ ਦੀ ਘਾਟ ਰੇਤਲੀਆਂ ਜ਼ਮੀਨਾਂ ਵਿਚ ਜ਼ਿਆਦਾ ਹੁੰਦੀ ਹੈ । ਘਰੇਲੂ ਪੱਧਰ ਉੱਤੇ ਵੀ ਘਰਾਂ ਵਿਚ ਰੇਤਲੀ ਮਿੱਟੀ ਦੇ ਭਰਤ ਪਾਏ ਹੁੰਦੇ ਹਨ ਜਿਸ ਕਰਕੇ ਇਹ ਸਮੱਸਿਆ ਆਉਂਦੀ ਹੈ ।

ਉਕਤ ਤੋਂ ਇਲਾਵਾ ਤੀਸਰਾ ਕਾਰਨ ਫਲਦਾਰ ਬੂਟਿਆਂ ਉੱਤੇ ਕੀੜੇ ਮਕੌੜੇ ਅਤੇ ਬਿਮਾਰੀਆਂ ਦਾ ਹਮਲਾ ਹੋਣਾ ।



ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ
(ਰਿਟਾਇਰਡ) ਪਟਿਆਲਾ ।
ਮੋ : 75080-18903

ਅੰਬ, ਅਨਾਰ, ਲੀਚੀ, ਅਮਰੂਦ ਅਤੇ ਨਿੰਬੂ ਜਾਤੀ ਦੇ ਫਲਦਾਰ ਬੂਟਿਆਂ ਦਾ ਫਲ ਫਟਣ ਤੋਂ ਬਚਾਅ ਲਈ ਹੇਠ ਲਿਖੇ ਉਪਰਾਲੇ ਕਰਨੇ ਚਾਹੀਦੇ ਹਨ :

1. ਅਪ੍ਰੈਲ, ਮਈ ਅਤੇ ਜੂਨ ਮਹੀਨਿਆਂ ਵਿਚ ਉਕਤ ਫਲਦਾਰ ਬੂਟਿਆਂ ਦੀ ਸਿੰਚਾਈ ਨਿਯਮਤ ਤੌਰ ਕਰਨੀ ਚਾਹੀਦੀ ਹੈ ਜਿਵੇਂ ਅਮਰੂਦ ਅਤੇ ਨਿੰਬੂ ਜਾਤੀ ਦੇ 3-4 ਸਾਲ ਉਮਰ ਦੇ ਬੂਟਿਆਂ ਨੂੰ ਇਕ ਹਫਤੇ ਬਾਦ ਅਤੇ ਪੁਰਾਣੇ ਬੂਟਿਆਂ ਨੂੰ 15 ਦਿਨਾਂ ਬਾਦ ਪਾਣੀ ਦੇਣਾ ਯਕੀਨੀ ਬਣਾਇਆ ਜਾਵੇ । ਫਲ ਦੇਣ ਵਾਲ ਅੰਬਾਂ ਅਤੇ ਅਨਾਰ ਦੇ ਬੂਟਿਆਂ ਨੂੰ 10-12 ਦਿਨਾਂ ਪਾਣੀ ਦੇਣਾ ਚਾਹੀਦਾ ਹੈ । ਲੀਚੀ ਦੇ ਬੂਟਿਆਂ ਨੂੰ ਮਈ-ਜੂਨ ਮਹੀਨੇ ਹਫਤੇ ਵਿਚ 2 ਵਾਰ ਪਾਣੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਕਿ ਫਲ ਫਟਣ ਦੀ ਸਮੱਸਿਆ ਨਾ ਆਵੇ । ਜੇਕਰ ਇਸ ਸਮੇਂ ਦੌਰਾਨ ਬਾਰਸ਼ ਪੈ ਜਾਂਦੀ ਹੈ ਤਾਂ ਸਿੰਚਾਈ ਤੋਂ ਪ੍ਰਹੇਜ਼ ਕੀਤਾ ਜਾ ਸਕਦਾ ਹੈ ।

ਘਰੇਲੂ ਪੱਧਰ ਫਲ ਫਟਣ ਤੋਂ ਰੋਕਣ ਲਈ ਸਵੇਰੇ ਸ਼ਾਮ ਪਾਣੀ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ । ਜਿਥੋਂ ਤੱਕ ਹੋ ਸਕੇ ਫਲਦਾਰ ਬੂਟੇ ਦੀਵਾਰ ਤੋਂ 10-12 ਫੁੱਟ ਦੀ ਦੂਰੀ ਤੇ ਲਗਾਉਣੇ ਚਾਹੀਦੇ ਹਨ । ਉਕਤ ਤੋਂ ਇਲਾਵਾ ਘਰੇਲੂ ਪੱਧਰ 'ਤੇ ਗਰੀਨ ਸ਼ੇਡ ਨੈਟ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ।

ਬਾਗ ਲਗਾਉਣ ਸਮੇਂ ਬਾਗਾਂ ਦੇ ਆਲੇ ਦੁਆਲੇ ਹਵਾ ਰੋਕੋ ਵਾੜਾਂ ਦੇਸੀ ਅੰਬ, ਜ਼ਾਮਨ, ਬਿਲ, ਕਟਿਲ ਅਤੇ ਤੂਤ ਵਗੈਰਾ ਵੀ ਲਗਾਏ ਜਾ ਸਕਦੇ ਹਨ ਜੋ ਗਰਮੀਆਂ ਵਿਚ ਗਰਮ ਹਵਾਵਾਂ ਅਤੇ ਸਰਦੀਆਂ ਵਿਚ ਸਰਦ ਹਵਾਵਾਂ ਤੋਂ ਫਲਦਾਰ ਬੂਟਿਆਂ ਦਾ ਬਚਾਅ ਕੀਤਾ ਜਾ ਸਕਦਾ ਹੈ । ਇਸ ਤਰ੍ਹਾਂ ਉਕਤ ਹਵਾ ਰੋਕੋ ਵਾੜਾਂ ਦੇ ਫਲ ਤੋਂ ਵੀ ਵਾਧੂ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ ।

2. ਉਕਤ ਫਲਦਾਰ ਬੂਟਿਆਂ ਵਿਚ ਤੱਤਾਂ ਦੀ ਘਾਟ ਪੂਰੀ ਕਰਨ ਲਈ ਬੋਰੈਕਸ 0.1%, ਜ਼ਿੰਕ ਸਲਫੇਟ 1.5%, ਕਾਪਰ ਸਲਫੇਟ 0.1% ਅਤੇ ਕੈਲਸ਼ੀਅਮ ਹਾਈਡਰੋਆਕਸਾਈਡ 1% ਦਾ ਫਲ ਦੇ ਵਿਕਸਤ ਹੋਣ ਸਮੇਂ ਸਪਰੇਅ ਕਰ ਦੇਣੀ ਚਾਹੀਦਾ ਹੈ । ਉਕਤ ਤੋਂ ਇਲਾਵਾ ਫਲਦਾਰ ਬੂਟਿਆਂ ਨੂੰ ਸਮੇਂ ਸਿਰ ਰਸਾਇਣ ਖਾਦ ਅਤੇ ਰੂੜੀ ਦੀ ਖਾਦ/ਗੰਡਿਆਂ ਦੀ ਖਾਦ ਸਹੀ ਸਮੇਂ ਤੇ ਜ਼ਰੂਰ ਪਾ ਦੇਣੀ ਚਾਹੀਦੀ ਹੈ ।

3. ਬਾਗਬਾਨੀ ਮਾਹਰਾਂ ਦੀ ਸਲਾਹ ਅਨੁਸਾਰ ਉਕਤ ਫਲਦਾਰ ਬੂਟਿਆਂ ਤੇ ਕੀੜੇਮਾਰ ਦਵਾਈ ਅਤੇ ਉਲੀਨਾਸ਼ਕ ਦਵਾਈ ਦੀ ਸਪਰੇ ਕਰ ਦੇਣੀ ਚਾਹੀਦੀ ਹੈ ।

4. ਫਲਦਾਰ ਬੂਟੇ ਲਗਾਉਣ ਸਮੇਂ ਸਹੀ ਵਰਾਇਟੀ ਦੀ ਚੋਣ ਕਰਨੀ ਚਾਹੀਦੀ ਹੈ ਜਿਵੇਂ ਲੀਚੀ ਦੀ ਕਲਕੱਤੀਆ ਕਿਸਮ ਅਤੇ ਅਨਾਰ ਦੀ ਗਣੇਸ਼ ਅਤੇ ਕੰਧਾਰੀ ਕਿਸਮਾਂ । ਉਕਤ ਤੋਂ ਇਲਾਵਾ ਫਲਦਾਰ ਬੂਟੇ ਵੀ ਇਲਾਕੇ ਅਨੁਸਾਰ ਲਗਾਉਣੇ ਚਾਹੀਦੇ ਹਨ ਜਿਵੇਂ ਨੀਮ ਪਹਾੜੀ ਇਲਾਕੇ ਵਿਚ ਅੰਬ, ਲੀਚੀ ਅਤੇ ਨਿੰਬੂ ਜਾਤੀ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ । ਪਟਿਆਲਾ ਜ਼ਿਲ੍ਹੇ ਵਿਚ ਅਮਰੂਦ ਸਫਲਤਾ ਪੂਰਵਕ ਲਗਾਏ ਜਾ ਸਕਦੇ ਹਨ । ਨਾਖਾਂ ਦੇ ਬਾਗ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਤਰਨਤਾਰਨ ਜ਼ਿਲ੍ਹੇ ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲਿਆਂ ਵਿਚ ਨਿੰਬੂ ਜਾਤੀ ਦੇ ਬੂਟੇ ।

ਹੋਰ ਵਧੇਰੇ ਜਾਣਕਾਰੀ ਲਈ ਬਾਗਬਾਨੀ ਵਿਭਾਗ ਪੰਜਾਬ ਜਾਂ ਪੀ. ਏ. ਯੂ. ਲੁਧਿਆਣਾ ਦੇ ਬਾਗਬਾਨੀ ਮਾਹਿਰਾਂ ਨਾਲ ਸੰਪਰਕ ਪੈਦਾ ਕੀਤਾ ਜਾ ਸਕਦਾ ਹੈ ।

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com